ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 20* Issue 226 | Wednesday, November 17, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਓਨਟਾਰੀਓ ਦੀਆਂ ਚੋਣਵੀਆਂ ਫਾਰਮੇਸੀਜ਼ ਵਿੱਚ ਵੀ ਹੋਵੇਗੀ ਕੋਵਿਡ-19 ਟੈਸਟਿੰਗ



ਓਨਟਾਰੀਓ, 16 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਵਾਸੀ, ਜਿਨ੍ਹਾਂ ਨੂੰ ਕੋਵਿਡ-19 ਵਾਲੇ ਲੱਛਣ ਹਨ, ਹੁਣ ਕਈ ਹੋਰਨਾਂ ਲੋਕੇਸ਼ਨਾਂ ਉੱਤੇ ਆਪਣੀ ਜਾਂਚ ਕਰਵਾ ਸਕਣਗੇ।

ਪ੍ਰੋਵਿੰਸ਼ੀਅਲ ਸਰਕਾਰ ਦੇ ਸਰੋਤ ਨੇ ਦੱਸਿਆ ਕਿ ਇਸ ਨਵੇਂ ਪ੍ਰੋਗਰਾਮ ਨੂੰ ਅਪਨਾਉਣ ਲਈ ਪ੍ਰੋਵਿੰਸ ਦੀ ਜਿਹੜੀ ਵੀ ਫਾਰਮੇਸੀ ਰਾਜ਼ੀ ਹੋਵੇਗੀ ਉੱਥੇ ਹੀ ਸਿੰਪਟੋਮੈਟਿਕ ਟੈਸਟਿੰਗ ਕੀਤੀ ਜਾਵੇਗੀ।ਕੋਈ ਵੀ ਫਾਰਮੇਸੀ ਜਿਹੜੀ ਇਸ ਪ੍ਰੋਗਰਾਮ ਦਾ ਹਿੱਸਾ ਬਣੇਗੀ ਉਹ ਪੀਸੀਆਰ ਕੋਵਿਡ-19 ਸਵੈਬ ਟੈਸਟ ਕਰਨ ਦੇ ਯੋਗ ਹੋਵੇਗੀ ਤੇ ਘਰਾਂ ਤੋਂ ਇੱਕਠੇ ਕੀਤੇ ਜਾਣ ਵਾਲੇ ਟੈਸਟਸ ਲਈ ਡਰੌਪ-ਆਫ ਪ੍ਰੋਗਰਾਮ ਵਿੱਚ ਵੀ ਹਿੱਸਾ ਲਵੇਗੀ। ਇਹ ਪ੍ਰੋਵਿੰਸ ਭਰ ਵਿੱਚ ਪਬਲਿਕ ਸਕੂਲਾਂ ਵਿੱਚ ਲਾਗੂ ਮੌਜੂਦਾ ਸਿਸਟਮ ਦੇ ਬਰਾਬਰ ਦਾ ਹੀ ਹੈ।

ਇਸ ਵਿੱਚ ਹਿੱਸਾ ਲੈਣ ਵਾਲੀਆਂ ਸਾਰੀਆਂ ਫਾਰਮੇਸੀਜ਼ ਨੂੰ ਆਪਣੇ ਸਟਾਫ, ਮਰੀਜ਼ਾਂ ਤੇ ਗਾਹਕਾਂ ਦੀ ਵਾਇਰਸ ਤੋਂ ਰੱਖਿਆ ਲਈ ਇਨਫੈਕਸ਼ਨ ਤੋਂ ਰੋਕਥਾਮ ਤੇ ਨਿਯੰਤਰਣ ਬਾਰੇ ਸਾਰੇ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ।ਇਨ੍ਹਾਂ ਮਾਪਦੰਡਾਂ ਅਨੁਸਾਰ :

- ਸਪੈਸੀਮਨ ਕੁਲੈਕਸ਼ਨ ਲਈ ਸਮਰਪਿਤ ਥਾਂ
- ਫਿਜ਼ੀਕਲ ਡਿਸਟੈਂਸਿੰਗ
- ਸਾਫ ਸਫਾਈ ਤੇ ਭੀੜ ਤੋਂ ਬਚਣ ਲਈ ਟੈਸਟਸ ਦਰਮਿਆਨ ਸਮਾਂ
- ਫਾਰਮੇਸੀਜ਼ ਅੰਦਰ ਮਾਸਕਸ ਪਾਉਣਾ
- ਰੁਟੀਨ ਐਨਵਾਇਰਮੈਂਟਲ ਕਲੀਨਿੰਗ ਕਰਨਾ

ਇਸ ਤੋਂ ਇਲਾਵਾ ਪ੍ਰੋਵਿੰਸ ਵੱਲੋਂ ਫਾਰਮੇਸੀਜ਼ ਨੂੰ ਵੱਧ ਤੋਂ ਵੱਧ ਵੈਂਟੀਲੇਸ਼ਨ ਰੱਖਣ ਲਈ ਵੀ ਆਖਿਆ ਗਿਆ ਹੈ ਤੇ ਇਸ ਤੋਂ ਇਲਾਵਾ ਫਾਰਮੇਸੀਜ਼ ਨੂੰ ਵਾਰਨਿੰਗ ਸਬੰਧੀ ਸਾਈਨ ਲਾਉਣ ਦੀ ਵੀ ਹਦਾਇਤ ਕੀਤੀ ਗਈ ਹੈ।

## ਨਸ਼ਿਆਂ ਦੀ ਸਮਗਲਿੰਗ ਕਰਨ ਵਾਲੀ ਆਰਗੇਨਾਈਜ਼ੇਸ਼ਨ ਦਾ ਪਰਦਾਫਾਸ਼

### 32 ਮਿਲੀਅਨ ਡਾਲਰ ਦੇ ਗੈਰਕਾਨੂੰਨੀ ਨਸ਼ੀਲੇ ਪਦਾਰਥ ਬਰਾਮਦ, 21 ਵਿਅਕਤੀਆਂ ਨੂੰ ਕੀਤਾ ਗਿਆ ਚਾਰਜ



ਓਨਟਾਰੀਓ, 16 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਤੇ ਲੰਡਨ ਪੁਲਿਸ ਸਰਵਿਸ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਵੱਡੀ ਪੱਧਰ ਉੱਤੇ ਨਸ਼ਿਆਂ ਦੀ ਸਮਗਲਿੰਗ ਕਰਨ ਵਾਲੀ ਆਰਗੇਨਾਈਜ਼ੇਸ਼ਨ ਦਾ ਪਰਦਾਫਾਸ਼ ਕੀਤਾ ਗਿਆ ਹੈ। ਇਹ ਆਰਗੇਨਾਈਜ਼ੇਸ਼ਨ ਦੇਸ਼ ਵਿੱਚ ਹੀ ਨਹੀਂ ਸਗੋਂ ਦੁਨੀਆਂ ਭਰ ਵਿੱਚ ਮੈਰੀਯੁਆਨਾ ਨਾਲ ਸਬੰਧਤ ਗੈਰਕਾਨੂੰਨੀ ਪਦਾਰਥ ਵੇਚ ਰਹੀ ਸੀ।

16 ਮਹੀਨੇ ਤੱਕ ਚੱਲੀ ਸਾਂਝੀ ਜਾਂਚ ਤੋਂ ਬਾਅਦ ਲੰਡਨ, ਓਨਟਾਰੀਓ ਵਿੱਚ ਮੈਰੀਯੁਆਨਾ ਦੀ ਗੈਰਕਾਨੂੰਨੀ ਸਮਗਲਿੰਗ ਤਹਿਤ 32 ਮਿਲੀਅਨ ਡਾਲਰ ਦੇ ਗੈਰਕਾਨੂੰਨੀ ਪਦਾਰਥ ਫੜ੍ਹੇ ਗਏ। 118 ਮਾਮਲਿਆਂ ਵਿੱਚ 21 ਵਿਅਕਤੀ ਨੂੰ ਚਾਰਜ ਕੀਤਾ ਗਿਆ। ਇਨ੍ਹਾਂ ਚਾਰਜਿਜ਼ ਵਿੱਚ ਕੈਨਾਬਿਸ ਐਕਟ ਐਂਡ ਦ ਕੰਟਰੋਲਡ ਡਰੱਗਜ਼ ਐਂਡ ਸਬਸਟਾਂਸਿਜ਼ ਐਕਟ ਤਹਿਤ ਸੰਗਠਿਤ ਕ੍ਰਾਈਮ ਤੇ ਅਫੈਂਸ ਨਾਲ ਸਬੰਧਤ ਚਾਰਜਿਜ਼ ਸ਼ਾਮਲ ਹਨ।

ਓਪੀਪੀ ਤੇ ਲੰਡਨ ਪੁਲਿਸ ਨੇ ਜੂਨ 2020 ਵਿੱਚ ਪ੍ਰੋਜੈਕਟ ਗੇਨਜ਼ਬਰੋ ਉਸ ਸਮੇਂ ਪਰਦਾਫਾਸ ਹੋਇਆ ਜਿਹੜੀ ਲੰਡਨ, ਕਿਚਨਰ, ਹੈਮਿਲਟਨ ਤੇ ਟੋਰਾਂਟੋ ਵਿੱਚ ਗੈਰਕਾਨੂੰਨੀ ਮੈਰੀਯੁਆਨਾ ਵੈੱਬਸਾਈਟ ਚਲਾ ਰਹੀ ਸੀ ਤੇ ਡਲਿਵਰੀਜ਼ ਕਰ ਰਹੀ ਸੀ।

3 ਨਵੰਬਰ ਨੂੰ ਪੁਲਿਸ ਨੇ ਲੰਡਨ ਵਿੱਚ 8 ਸਰਚ ਵਾਰੰਟ ਤੇ 7 ਹੋਰ ਸਰਚ ਵਾਰੰਟ ਹੈਮਿਲਟਨ, ਟੋਰਾਂਟੋ, ਸੇਂਟ ਥਾਮਸ, ਮਿਡਲਸੈਕਸ ਕਾਊਂਟੀ ਤੇ ਨੌਰਫੋਕ ਕਾਊਂਟੀ ਲਈ ਕੱਢੇ। ...ਬਾਕੀ ਪੰਨਾ 5 'ਤੇ

## ਨੌਰਥ ਯੌਰਕ ਹਾਈ ਸਕੂਲ ਵਿੱਚ ਲੜਾਈ ਦੌਰਾਨ ਚੱਲੇ ਚਾਕੂ, ਇੱਕ ਦੀ ਮੌਤ



ਟੋਰਾਂਟੋ, 16 ਨਵੰਬਰ (ਪੋਸਟ ਬਿਊਰੋ) : ਮੰਗਲਵਾਰ ਨੂੰ ਨੌਰਥ ਯੌਰਕ ਹਾਈ ਸਕੂਲ ਵਿੱਚ ਜਿਨ੍ਹਾਂ ਤਿੰਨ ਵਿਅਕਤੀਆਂ ਉੱਤੇ ਚਾਕੂ ਨਾਲ ਹਮਲਾ ਕੀਤਾ ਗਿਆ ਸੀ ਉਨ੍ਹਾਂ ਵਿੱਚੋਂ ਇੱਕ ਦੀ ਮੌਤ ਹੋ ਗਈ। ਟੋਰਾਂਟੋ ਪੁਲਿਸ ਵੱਲੋਂ ਇਸ ਦੀ ਪੁਸ਼ਟੀ ਕੀਤੀ ਗਈ।

ਯੌਰਕ ਮਿੱਲਜ਼ ਤੇ ਵਿਕਟੋਰੀਆ ਪਾਰਕ ਨੇੜੇ ਵਿਕਟੋਰੀਆ ਪਾਰਕ ਕਾਲਜੀਏਟ ਵਿੱਚ ਦੁਪਹਿਰ ਦੇ 3:00 ਵਜੇ ਤੋਂ ਬਾਅਦ ਹੋਈ ਲੜਾਈ ਦੌਰਾਨ ਛੁਰੇਬਾਜ਼ੀ ਹੋਣ ਤੋਂ ਬਾਅਦ ਪੁਲਿਸ ਨੂੰ ਕਈ ਕਾਲਜ਼ ਆਈਆਂ। ਪੁਲਿਸ ਅਧਿਕਾਰੀਆਂ ਨੂੰ ਮੌਕੇ ਉੱਤੇ ਦੋ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ ਤੇ ਥੋੜ੍ਹੀ ਦੇਰ ਬਾਅਦ ਇੱਕ ਹੋਰ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿ-ਲਿਆ।ਦੋ ਹੋਰਨਾਂ ਜ਼ਖ਼ਮੀ ਵਿਅਕਤੀਆਂ ਦੀ ਹਾਲਤ ਕਾਫੀ ਨਾਜ਼ੁਕ ਦੱਸੀ ਗਈ।

ਇੱਕ ਮਸ਼ਕੂਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਕਿਸੇ ਹੋਰ ਮਸ਼ਕੂਕ ਦੀ ਭਾਲ ਨਹੀਂ ਕੀਤੀ ਜਾ ਰਹੀ। ਪੁਲਿਸ ਨੇ ਇਹ ਵੀ ਆਖਿਆ ਕਿ ਕਮਿਊਨਿਟੀ ਨੂੰ ਕਿਸੇ ਕਿਸਮ ਦਾ ਕੋਈ ਖਤਰਾ ਨਹੀਂ ਹੈ। ਅਜੇ ਤੱਕ ਕੋਈ ਚਾਰਜਿਜ਼ ਵੀ ਨਹੀਂ ਐਲਾਨੇ ਗਏ। ਪੁਲਿਸ ਵੱਲੋਂ ਅਜੇ ਇਹ ਵੀ ਪਤਾ ਲਾਇਆ ਜਾਣਾ ਹੈ ਕਿ ਕੀ ਇਹ ਮਸ਼ਕੂਕ ਤੇ ਜ਼ਖ਼ਮੀ ਵਿਅਕਤੀ ਸਕੂਲ ਵਿੱਚ ਵਿਦਿਆਰਥੀ ਸਨ।

## 11ਵੀਂ ਸਾਲਾਨਾ ਗੁਰੂ ਨਾਨਕ ਰੇਡੀਓਥੌਨ ਤੇ ਫੂਡ ਡਰਾਈਵ 19 ਨੂੰ



ਮਿਸੀਸਾਗਾ, 16 ਨਵੰਬਰ (ਪੋਸਟ ਬਿਊਰੋ) : ਸੀਜੇਐਮਆਰ 1320 ਏਐਮ ਰੇਡੀਓ ਸਟੇਸ਼ਨ ਦੇ ਪੰਜਾਬੀ ਰੇਡੀਓ ਪ੍ਰੋਡਿਊਸਰਜ਼ ਵੱਲੋਂ ਇੱਕ ਵਾਰੀ ਫਿਰ ਕਮਿਊਨਿਟੀ ਤੋਂ ਭੁੱਖ ਨੂੰ ਖ਼ਤਮ ਕਰਨ ਲਈ ਸੇਵਾ ਫੂਡ ਬੈਂਕ ਨਾਲ ਰਲ ਕੇ ਸਾਲਾਨਾ ਗੁਰੂ ਨਾਨਕ ਰੇਡੀਓਥੌਨ ਤੇ ਫੂਡ ਡਰਾਈਵ ਚਲਾਈ ਜਾ ਰਹੀ ਹੈ। ਇਸ ਸਾਲ, ਇਨ੍ਹਾਂ ਵੱਲੋਂ 11ਵੀਂ ਰੇਡੀਓਥੌਨ ਤੇ ਫੂਡ ਡਰਾਈਵ ਦੀ ਮੇਜ਼ਬਾਨੀ ਕੀਤੀ ਜਾਵੇਗੀ।

ਪਿਛਲੀਆਂ ਨੌਂ ਰੇਡੀਓਥੌਨਜ਼ ਤੇ ਫੂਡ ਡਰਾਈਵਜ਼ ਨੇ ਸਾਂਝੇ ਤੌਰ ਉੱਤੇ ਇੱਕ ਮਿਲੀਅਨ ਡਾਲਰਜ਼ ਤੇ 400,000 ਪਾਊਂਡਜ਼ ਫੂਡ, ਸੇਵਾ ਫੂਡ ਬੈਂਕ ਲਈ ਇੱਕਠਾ ਕੀਤਾ। 2021 ਵਿੱਚ ਹੋਣ ਜਾ ਰਹੀ ਇਹ ਰੇਡੀਓਥੌਨ ਸ਼ੁੱਕਰਵਾਰ, 19 ਨਵੰਬਰ ਨੂੰ ਗੁਰੂ ਨਾਨ ਦੇਵ ਦੀ ਦੇ ਪ੍ਰਕਾਸ਼ ਦਿਹਾੜੇ ਉੱਤੇ ਹੋਵੇਗੀ। ਸਮਰਥਕਾਂ ਵੱਲੋਂ ਕਿਸੇ ਵੀ ਪੰਜਾਬੀ ਸ਼ੋਅਜ਼ ਦੌਰਾਨ ਕਾਲ ਕਰਕੇ ਆਪਣਾ ਤਹੱਈਆ ਆਨ ਏਅਰ ਕੀਤਾ ਜਾ ਸਕਦਾ ਹੈ। ਇਹ ਸ਼ੋਅ ਹੋਣਗੇ ਰੰਗਲਾ ਪੰਜਾਬ, ਪੰਜਾਬ ਦੀ ਗੂੰਜ, ਗੀਤਾਂ ਨਾਲ ਪ੍ਰੀਤਾਂ, ਆਪਣਾ ਪੰਜਾਬ ਰੇਡੀਓ, ਸਰਗਮ, ਅੱਜ ਦੀ ਆਵਾਜ਼। ਸਰੋਤੇ 20 ਨਵੰਬਰ ਨੂੰ ਸੁਰਖਾਬ ਰੇਡੀਓ, ਸਾਡਾ ਵਿਰਸਾ ਤੇ ਰੋਡ ਨਿਊਜ਼ ਰੰਗੋਲੀ ਪ੍ਰੋਗਰਾਮ ਰਾਹੀਂ ਵੀ ਡੋਨੇਸ਼ਨਜ਼ ਦੇ ਸਕਣਗੇ।

ਸੀਜੇਐਮਆਰ 1320 ਏਐਮ ਰੇਡੀਓ ਸਟੇਸ਼ਨ ਦੇ ਮਾਲਕਾਂ ਵੱਲੋਂ ਦ ਫੂਡ ਡਰਾਈਵ ਦੀ ਸ਼ੁਰੂਆਤ ਸ਼ਨਿੱਚਰਵਾਰ 20 ਨਵੰਬਰ ਨੂੰ 11:00 ਤੋਂ ਦੁਪਹਿਰ ਦੇ 3:00 ਵਜੇ ਤੱਕ ਪੀਲ ਰੀਜਨ ਦੇ 15 ਸਾਊਥ ਏਸ਼ੀਅਨ ਗਰੋਸਰੀ ਸਟੋਰਜ਼ ਤੋਂ ਕੀਤੀ ਜਾਵੇਗੀ।ਰੇਡੀਓ ਦੇ ਹੋਸਟ ਕੁਲਦੀਪ ਦੀਪਕ ਨੇ ਆਖਿਆ ਕਿ ਦੁਨੀਆਂ ਭਰ ਦੇ ਸਿੱਖਾਂ ਵੱਲੋਂ 2021 ਵਿੱਚ ਜਦੋਂ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਦੇ ਜਸ਼ਨ ਮਨਾਏ ਜਾਣਗੇ ਅਜਿਹੇ ਵਿੱਚ ਅਸੀਂ ਉਨ੍ਹਾਂ ਦੀਆਂ ਸਿੱਖਿਆਵਾਂ ਚੜ੍ਹਦੀ ਕਲਾ ਸਰਬੱਤ ਦਾ ਭਲਾ ਤੇ ਨਿਸਵਾਰਥ ਸੇਵਾ ਨੂੰ ਆਪਣੇ ਜੀਵਨ ਵਿੱਚ ਉਤਾਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਇਸ ਮੌਕੇ ਜੋਤੀ ਬੇਦੀ ਨੇ ਆਖਿਆ ਕਿ ਇਸ ਵਾਰੀ ਕੋਵਿਡ-19 ਮਹਾਂਮਾਰੀ ਹੋਣ ਕਾਰਨ ਹਾਲਾਤ ਹੋਰ ਵੀ ਬਦਤਰ ਹੋ ਗਏ ਹਨ। ਇਸ ਲਈ ਆਪ ਸੱਭ ਦੇ ਸਹਿਯੋਗ ਦੀ ਪਹਿਲਾਂ ਤੋਂ ਵੀ ਜ਼ਿਆਦਾ ਲੋੜ ਹੈ ਤਾਂ ਕਿ ਅਸੀਂ 1000 ਤੋਂ ਵੀ ਵੱਧ ਪਰਿਵਾਰਾਂ ਨੂੰ ਮਹੀਨਾਵਾਰੀ ਫੂਡ ਮੁਹੱਈਆ ਕਰਵਾ ਸਕੀਏ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

YES! Immigration
Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
- Disability Insurance
- Mortgage Insurance
- Life Insurance
- Visitor Insurance
- Travel Insurance
- RESP(Education Plan)
- Critical Illness Insurance

INSURANCE MART
INSURANCE COMPANY
- Life Insurance
- Critical Illness
- Disability
- Super Visa
- Home and Auto Insurance
Gurdip Gill
(647)767-6665
gurdipgill1@hotmail.ca

Dubai Jewellers
2700 Northpark Drive Unit #19, Brampton Ontario L6S 0E9
North Park & Airport Major Intersection
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Business Law
- Family Law
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
1083
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਚਾਈਲਡ ਕੇਅਰ ਪ੍ਰੋਗਰਾਮ ਦੇ ਸਬੰਧ ਵਿੱਚ ਓਨਟਾਰੀਓ ਤੇ ਓਟਵਾ ਦਰਮਿਆਨ ਲੜਾਈ ਹੋਈ ਤੇਜ਼

ਟੋਰਾਂਟੋ, 16 ਨਵੰਬਰ (ਪੋਸਟ ਬਿਊਰੋ) : 10 ਡਾਲਰ ਰੋਜ਼ਾਨਾ ਚਾਈਲਡ ਕੇਅਰ ਪ੍ਰੋਗਰਾਮ ਦੇ ਸਬੰਧ ਵਿੱਚ ਓਨਟਾਰੀਓ ਤੇ ਓਟਵਾ ਦਰਮਿਆਨ ਲੜਾਈ ਹੋਰ ਤੇਜ਼ ਹੋ ਗਈ ਹੈ। ਅਲਬਰਟਾ ਵੱਲੋਂ ਫੈਡਰਲ ਸਰਕਾਰ ਨਾਲ ਇਹ ਡੀਲ ਸਿਰੇ ਚੜ੍ਹਾ ਲਏ ਜਾਣ ਤੋਂ ਬਾਅਦ ਵੀ ਹੁਣ ਪ੍ਰੋਵਿੰਸ ਉੱਤੇ ਜਲਦ ਤੋਂ ਜਲਦ ਡੀਲ ਸਾਈਨ ਕਰਨ ਲਈ ਦਬਾਅ ਵੱਧ ਗਿਆ ਹੈ।



ਸੋਮਵਾਰ ਨੂੰ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਫੈਡਰਲ ਸਰਕਾਰ ਦਾ ਮੌਜੂਦਾ ਪ੍ਰਸਤਾਵ ਪੰਜ ਸਾਲਾਂ ਲਈ 10•2 ਬਿਲੀਅਨ ਡਾਲਰ ਹੈ। ਇਸ ਤੋਂ ਇਲਾਵਾ ਫੈਡਰਲ ਸਰਕਾਰ ਵੱਲੋਂ ਪ੍ਰੋਵਿੰਸ ਦੇ ਫੁੱਲ ਡੇਅ ਕਿੰਡਰਗਾਰਟਨ ਪ੍ਰੋਗਰਾਮ ਲਈ ਵੀ ਕੋਈ ਯੋਗਦਾਨ ਨਹੀਂ ਪਾਇਆ ਜਾਵੇਗਾ। ਮੰਤਰੀ ਨੇ ਆਖਿਆ ਕਿ ਟਰੂਡੋ ਤੇ ਫੋਰਡ ਸਰਕਾਰਾਂ ਵੱਲੋਂ ਅਜੇ ਵੀ ਡੀਲ ਸਿਰੇ ਚੜ੍ਹਾਈ ਜਾ ਸਕਦੀ ਹੈ ਬੱਸ ਫੈਡਰਲ ਸਰਕਾਰ 3•6 ਬਿਲੀਅਨ ਡਾਲਰ ਘੱਟ ਦੀ ਪੇਸ਼ਕਸ਼ ਕਰ ਰਹੀ ਹੈ ਤੇ ਪ੍ਰੋਵਿੰਸ ਵੱਲੋਂ ਇਹ ਰੋਣਾ ਰੋਇਆ ਜਾ ਰਿਹਾ ਹੈ ਕਿ 30 ਬਿਲੀਅਨ ਡਾਲਰ ਦੇ ਇਸ ਪ੍ਰੋਗਰਾਮ ਵਿੱਚੋਂ ਉਨ੍ਹਾਂ ਨੂੰ ਬਣਦਾ ਹਿੱਸਾ ਨਹੀਂ ਮਿਲ ਰਿਹਾ।


REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799* upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com


# ਹੁਣ ਹੋਰ ਕੰਪਨੀਆਂ ਵੀ ਤਿਆਰ ਕਰ ਸਕਣਗੀਆਂ ਫਾਈਜ਼ਰ ਦੀ ਕੋਵਿਡ-19 ਪਿੱਲ

ਲੰਡਨ, 16 ਨਵੰਬਰ (ਪੋਸਟ ਬਿਊਰੋ) : ਡਰੱਗ ਨਿਰਮਾਤਾ ਕੰਪਨੀ ਫਾਈਜ਼ਰ ਇਨਕਾਰਪੋਰੇਸ਼ਨ ਵੱਲੋਂ ਹੋਰਨਾਂ ਉਤਪਾਦਕਾਂ ਨੂੰ ਵੀ ਆਪਣੀ ਕੋਵਿਡ-19 ਪਿੱਲ ਬਣਾਉਣ ਲਈ ਸੰਯੁਕਤ ਰਾਸ਼ਟਰ ਦੇ ਥਾਪੜੇ ਵਾਲੇ ਗਰੁੱਪ ਨਾਲ ਡੀਲ ਸਿਰੇ ਚੜ੍ਹਾ ਲਈ ਗਈ ਹੈ। ਇਸ ਕਦਮ ਨਾਲ ਦੁਨੀਆਂ ਦੀ ਅੱਧੀ ਤੋਂ ਵੱਧ ਆਬਾਦੀ ਲਈ ਇਲਾਜ ਸੰਭਵ ਹੋ ਜਾਵੇਗਾ।

ਮੰਗਲਵਾਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਫਾਈਜ਼ਰ ਨੇ ਆਖਿਆ ਕਿ ਉਨ੍ਹਾਂ ਵੱਲੋਂ ਇਹ ਐਂਟੀਵਾਇਰਲ ਪਿੱਲ ਬਣਾਉਣ ਦਾ ਲਾਇਸੰਸ ਜਨੇਵਾ ਸਥਿਤ ਮੈਡਿਸਿਨਜ਼ ਪੇਟੈਂਟ ਪੂਲ ਨੂੰ ਦਿੱਤਾ ਜਾਵੇਗਾ। ਅਗਾਂਹ ਇਸ ਵੱਲੋਂ ਜੈਨੇਰਿਕ ਡਰੱਗ ਕੰਪਨੀਆਂ ਨੂੰ ਇਹ ਦਵਾਈ ਤਿਆਰ ਕਰਨ ਲਈ ਆਖਿਆ ਜਾਵੇਗਾ ਜਿਸ ਨਾਲ 95 ਦੇਸ਼ਾਂ ਲਈ ਇਲਾਜ ਮੁਹੱਈਆ ਹੋ ਜਾਵੇਗਾ।




ਇਸ ਡੀਲ ਤੋਂ ਉਨ੍ਹਾਂ ਚੰਦ ਕੁ ਵੱਡੇ ਦੇਸ਼ਾਂ ਨੂੰ ਬਾਹਰ ਰੱਖਿਆ ਜਾਵੇਗਾ ਜਿੱਥੇ ਕਰੋਨਾਵਾਇਰਸ ਆਊਟਬ੍ਰੇਕ ਹੋਏ। ਮਿਸਾਲ ਵਜੋਂ ਬ੍ਰਾਜ਼ੀਲ ਦੀ ਇੱਕ ਦਵਾਈਆਂ ਤਿਆਰ ਕਰਨ ਵਾਲੀ ਕੰਪਨੀ ਨੂੰ ਹੋਰਨਾਂ ਦੇਸ਼ਾਂ ਨੂੰ ਐਕਸਪੋਰਟ ਕਰਨ ਲਈ ਲਾਇਸੰਸ ਮਿਲ ਸਕਦਾ ਹੈ ਪਰ ਬ੍ਰਾਜ਼ੀਲ ਵਿੱਚ ਇਸ ਮੈਡੀਸਿਨ ਦੀ ਵਰਤੋਂ ਨਹੀਂ ਹੋ ਸਕੇਗੀ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਮਹਾਂਮਾਰੀ ਉਮੀਦ ਤੋਂ ਪਹਿਲਾਂ ਖ਼ਤਮ ਹੋਣ ਦੀ ਆਸ ਬੱਝੇਗੀ।

# ਆਪਣੀ ਲੀਡਰਸ਼ਿਪ ਨੂੰ ਚੁਣੌਤੀ ਦੇਣ ਵਾਲੀ ਸੈਨੇਟਰ ਨੂੰ ਓਟੂਲ ਨੇ ਕਾਕਸ ਵਿੱਚੋਂ ਕੱਢਿਆ

ਓਟਵਾ, 16 ਨਵੰਬਰ (ਪੋਸਟ ਬਿਊਰੋ) : ਓਟੂਲ ਵੱਲੋਂ ਆਪਣੀ ਲੀਡਰਸ਼ਿਪ ਨੂੰ ਚੁਣੌਤੀ ਦੇਣ ਵਾਲੀ ਸੈਨੇਟਰ ਨੂੰ ਕੰਜ਼ਰਵੇਟਿਵ ਕਾਕਸ ਤੋਂ ਬਾਹਰ ਕਰ ਦਿੱਤਾ ਗਿਆ ਹੈ।

ਓਟੂਲ ਨੇ ਇੱਕ ਨਿੱਕੇ ਜਿਹੇ ਬਿਆਨ ਰਾਹੀਂ ਕਾਕਸ ਵਿੱਚੋਂ ਸੈਨੇਟਰ ਡੈਨਿਸ ਬੈਟਰਜ਼ ਨੂੰ ਕੱਢੇ ਜਾਣ ਦਾ ਐਲਾਨ ਕੀਤਾ। ਇਸ ਤੋਂ ਇੱਕ ਦਿਨ ਪਹਿਲਾਂ ਹੀ ਬੈਟਰਜ਼ ਨੇ ਓਟੂਲ ਦੀ ਲੀਡਰਸ਼ਿਪ ਉੱਤੇ ਭਰੋਸੇ ਦਾ ਵੋਟ ਪੁਆਉਣ ਲਈ ਪਟੀਸ਼ਨ ਲਾਂਚ ਕੀਤੀ ਸੀ। ਓਟੂਲ ਨੇ ਆਖਿਆ ਕਿ ਭ੍ਰਿਸ਼ਟ ਟਰੂਡੋ ਸਰਕਾਰ ਦੀ ਜਵਾਬਦੇਹੀ ਤੈਅ ਕਰਨ ਲਈ ਏਕਾ-ਗਰਚਿਤ ਕੰਜ਼ਰਵੇਟਿਵ ਟੀਮ ਦੀਆਂ ਕੋਸ਼ਿਸ਼ਾਂ ਦਾ ਅਪਮਾਨ ਕਰਨ ਵਾਲੇ ਕਿਸੇ ਵੀ ਸ਼ਖ਼ਸ ਦੀਆਂ ਆਪਹੁਦਰੀਆਂ ਨੂੰ ਉਨ੍ਹਾਂ ਵੱਲੋਂ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਜ਼ਿਕਰਯੋਗ ਹੈ ਕਿ ਬੈਟਰਜ਼ ਵੱਲੋਂ ਪਾਈ ਗਈ ਪਟੀਸ਼ਨ ਉੱਤੇ ਉਹ ਵੱਧ ਤੋਂ ਵੱਧ ਸਾਈਨ ਇੱਕਠੇ ਕਰਕੇ ਪਾਰਟੀ ਨੂੰ ਆਉਣ ਵਾਲੇ ਛੇ ਮਹੀਨਿਆਂ ਅੰਦਰ ਇਸ ਮੁੱਦੇ ਉੱਤੇ ਰਾਇਸ਼ੁਮਾਰੀ ਕਰਵਾਉਣ ਲਈ ਮਜਬੂਰ ਕਰਨਾ ਚਾਹੁੰਦੀ ਸੀ ਕਿ ਓਟੂਲ ਨੂੰ ਪਾਰਟੀ ਆਗੂ ਵਜੋਂ ਬਣੇ ਰਹਿਣਾ ਚਾਹੀਦਾ ਹੈ ਜਾਂ ਨਹੀਂ।



ਬੈਟਰਜ਼ ਨੇ ਇਹ ਵੀ ਆਖਿਆ ਕਿ ਪਾਰਟੀ ਦੇ 2023 ਵਿੱਚ ਹੋਣ ਵਾਲੇ ਇਜਲਾਸ ਵਿੱਚ ਲੀਡਰਸ਼ਿਪ ਮੁਲਾਂਕਣ ਦੀ ਉਡੀਕ ਕਰਨ ਦੀ ਥਾਂ ਉਹ ਇਸ ਸਬੰਧ ਵਿੱਚ ਹੁਣੇ ਹੀ ਫੈਸਲਾ ਕਰਵਾਉਣ ਲਈ ਮੁਹਿੰਮ ਛੇੜਨੀ ਚਾਹੁੰਦੀ ਹੈ। ਬੈਟਰਜ਼ ਵੱਲੋਂ ਓਟੂਲ ਉੱਤੇ ਕੰਜ਼ਰਵੇਟਿਵ ਕਦਰਾਂ ਕੀਮਤਾਂ ਤੋਂ ਭਟਕਣ ਦੇ ਦੋਸ਼ ਲਾਏ ਗਏ।


Great Invetsment Opportunity

In The Region of Timminis,ON

8 ACRE OF lAND CAN BE SEVERD IN TWO LOTS OF 4 ACRE

Apartment Building For Sale:

4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*



## ਅੱਜ ਨਾਮਾ

ਟਲਿਆ ਹਾਲੇ ਨਹੀਂ ਬਾਈ ਨਵਜੋਤ ਸਿੱਧੂ,
ਦਿੱਤਾ ਕਰੜਾ ਬਿਆਨ ਜਿਹਾ ਦਾਗ ਬੇਲੀ।
ਮਾੜਾ ਕਿਸੇ ਵਿਰੋਧੀ ਨੂੰ ਕਿਹਾ ਕੁਝ ਨਹੀਂ,
ਆਪਣੇ ਲੀਡਰਾਂ ਦੀ ਖਿੱਚਤੀ ਵਾਗ ਬੇਲੀ।
ਕਹਿੰਦਾ ਆਪਣੀ ਸਰਕਾਰ ਨੂੰ ਰੋਜ਼ ਇਹੀ,
ਗਰਾਂਟ-ਗੱਫਿਆਂ ਦਾ ਛੱਡੀਏ ਰਾਗ ਬੇਲੀ।
ਹੋਇਆ ਖਾਲੀ ਖਜ਼ਾਨਾ ਤੇ ਕਰਜ਼ ਬਾਹਲਾ,
ਛੱਡ ਦਿਓ ਨੀਂਦ ਤੇ ਜਾਓ ਖਾਂ ਜਾਗ ਬੇਲੀ।
ਏਹੀ ਸੁਣ ਕੇ ਨਾਰਾਜ਼ ਕਈ ਕਾਂਗਰਸੀਏ,
ਖਿਝਦੇ ਫਿਰਨ ਜਾਂ ਕੱਢ ਰਹੇ ਕੌੜ ਬੇਲੀ।
ਪਾਰਟੀ ਵਿੱਚ ਨਹੀਂ ਲੱਭਦੀ ਇੱਕਸੁਰਤਾ,
ਓਦਾਂ ਲਾਈ ਪਈ ਚੋਣਾਂ ਵੱਲ ਦੌੜ ਬੇਲੀ।

**ਤੀਸ ਮਾਰ ਖਾਂ**

# ਦਿਨਕਰ ਗੁਪਤਾ ਨੂੰ ਡੀ ਜੀ ਪੀ ਬਣਾਉਣ ਵਿਰੁੱਧ ਪਟੀਸ਼ਨਾਂ ਸੁਪਰੀਮ ਕੋਰਟ ਵੱਲੋਂ ਰੱਦ

ਚੰਡੀਗੜ੍ਹ, 16 ਨਵੰਬਰ, (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਬਕਾ ਮੁਖੀ ਦਿਨਕਰ ਗੁਪਤਾ ਨੂੰ ਡੀ ਜੀ ਪੀ ਲਾਏ ਜਾਣ ਦੇ ਕੇਸ ਵਿੱਚ ਅੱਜ ਮੰਗਲਵਾਰ ਭਾਰਤ ਦੀ ਸੁਪਰੀਮ ਕੋਰਟ ਨੇ ਫੈਸਲਾ ਸੁਣ-'ਇਆ ਤੇ ਇਸ ਨਿਯੁਕਤੀ ਨੂੰ ਕਾਇਮ ਰੱਖਣ ਦੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਵਿਰੁੱਧ ਅਰਜ਼ੀਆਂ ਰੱਦ ਕਰ ਦਿੱਤੀਆਂ ਹਨ।



ਜਸਟਿਸ ਐਲ. ਨਾਗੇਸ਼ਵਰ ਰਾਓ, ਜਸਟਿਸ ਬੀਆਰ ਗਵਈ ਤੇ ਜਸਟਿਸ ਬੀਵੀ ਨਾਗਰਤਨਾ ਦੇ ਬੈਂਚ ਨੇ ਅੱਜ ਇੰਡੀਅਨ ਪੁਲਸ ਸਰਵਿਸ (ਆਈਪੀ ਐਸ) ਅਫਸਰਾਂ ਸਿਧਾਰਥ ਚਟੋਪਾਧਿਆਏ ਅਤੇ ਮੁਹੰਮਦ ਮੁਸਤਫਾ ਦੀਆਂ ਅਪੀਲਾਂ ਰੱਦ ਕਰ ਦਿੱਤੀਆਂ, ਜਿਨ੍ਹਾਂਵਿੱਚ ਦਿਨਕਰ ਗੁਪਤਾ ਨੂੰ ਪੰਜਾਬ ਦਾ ਡੀ ਜੀ ਪੀਬਣਾਉਣ ਦੇ ਹੁਕਮ ਨੂੰ ਚੁਣੌਤੀ ਦਿੱਤੀ ਗਈ ਸੀ। ਸੁਪਰੀਮ ਕੋਰਟ ਨੇ ਇਸ ਕੇਸ ਵਿੱਚ 15 ਸਤੰਬਰ ਨੂੰ ਸਾਰੀਆਂ ਧਿਰਾਂ ਨੂੰ ਸੁਣ ਕੇ ਕਿਹਾ ਸੀ ਕਿ ਇਨ੍ਹਾਂ ਉੱਤੇ ਫੈਸਲਾ ਬਾਅਦ ਵਿੱਚਕੀਤਾ ਜਾਵੇਗਾ। ਸਾਲ 1987 ਬੈਚ ਦੇ ਆਈ ਪੀ ਐੱਸ ਅਫਸਰ ਦਿਨਕਰ ਗੁਪਤਾ ਦੇ ਛੁੱਟੀ ਉੱਤੇ ਜਾਣ ਤੋਂ ਬਾਅਦ ਸੀਨੀਅਰ ਆਈਪੀ ਐਸ ਅਫਸਰ ਇਕਬਾਲ ਪ੍ਰੀਤ ਸਿੰਘ ਸਹੋਤਾ ਕੋਲ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਾ ਵਾਧੂ ਚਾਰਜ ਹੈ।ਦਿਨਕਰ ਗੁਪਤਾ ਦੀ ਡੀ ਜੀ ਪੀ ਵਜੋਂ ਨਿਯੁਕਤੀ ਰੱਦ ਕਰਨ ਦੇ ਕੇਂਦਰੀ ਪ੍ਰਬੰਧਕੀ ਟ੍ਰਿਬਿਊਨਲ (ਕੈਟ) ਦੇ ਹੁਕਮਾਂ ਉੱਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ 21 ਜਨਵਰੀ 2020 ਨੂੰ ਰੋਕ ਲਾ ਦਿੱਤੀ ਸੀ। ਦਿਨਕਰ ਗੁਪਤਾ ਨੂੰ 2019 ਵਿੱਚਡੀ ਜੀ ਪੀਬਣਾਇਆ ਗਿਆ ਸੀ ਅਤੇ ਉਨ੍ਹਾਂ ਨੂੰ ਮੁਹੰਮਦ ਮੁਸਤਫਾ ਅਤੇ ਸਿਧਾਰਥ ਚਟੋਪਾਧਿਆਏ ਸਮੇਤ ਪੰਜ ਸੀਨੀਅਰ ਅਫਸਰ ਪਿੱਛੇ ਕਰਕੇ ਚੁਣਿਆ ਜਾਣ ਕਰ ਕੇ ਕੇਸ ਚੱਲ ਰਿਹਾ ਸੀ।

# ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਾ: ਮੁੱਖ ਮੰਤਰੀ ਚੰਨੀ ਕੈਬਨਿਟ ਸਮੇਤ 18 ਨੂੰ ਦਰਸ਼ਨ ਕਰਨ ਕਰਤਾਰਪੁਰ ਸਾਹਿਬ ਜਾਣਗੇ

### * ਬੀਬੀ ਜਗੀਰ ਕੌਰ ਨਾਲ ਸ਼੍ਰੋਮਣੀ ਕਮੇਟੀ ਦਾ ਜੱਥਾ 19 ਨੂੰ ਜਾਵੇਗਾ

ਚੰਡੀਗੜ੍ਹ, 16 ਨਵੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਅੱਜ ਪਾਕਿਸਤਾਨ ਵਿੱਚ ਗੁਰਦੁਆਰਾ ਕਰਤਾਰਪੁਰ ਸਾਹਿਬ ਤੱਕ ਜਾਣ ਵਾਲਾ ਵਿਸ਼ੇਸ਼ ਲਾਂਘਾ ਖੋਲ੍ਹਣ ਦੀ ਪ੍ਰਵਾਨਗੀ ਦੇ ਦਿੱਤੀ ਹੈ, ਜਿਹੜਾ 17 ਨਵੰਬਰ ਤੋਂ ਚਾਲੂ ਹੋ ਜਾਵੇਗਾ। ਇਸ ਫੈਸਲੇ ਦਾ ਸਵਾਗਤ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਹੈ ਕਿ ਉਹ ਆਪਣੇ ਪੂਰੇ ਮੰਤਰੀ ਮੰਡਲ ਨਾਲ 18 ਤਰੀਕ ਨੂੰ ਦਰਸ਼ਨ ਕਰਨ ਲਈ ਕਰਤਾਰਪੁਰ ਸਾਹਿਬ ਜਾਣਗੇ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦੱਸਿਆ ਕਿ ਕਰਤਾਰਪੁਰ ਸਾਹਿਬ ਜਾਣ ਵਾਲੇ ਪਹਿਲੇ ਜਥੇ ਵਿੱਚ ਪੰਜਾਬ ਦੇ ਸਾਰੇ ਮੰਤਰੀ ਵੀ ਜਾਣਗੇ।ਇਸ ਦੌਰਾਨ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੋਂ ਪਹਿਲਾਂ ਕਰਤਾਰਪੁਰ ਲਾਂਘਾ ਖੋਲ੍ਹਣਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕੀਤਾ ਤੇ ਕਿਹਾ ਹੈ ਕਿ ਲਾਂਘਾ ਮੁੜ ਖੋਲ੍ਹਣਾ ਗੁਰੂ ਨਾਨਕ ਦੇਵ ਜੀ ਦੇ ਲੱਖਾਂ ਪੈਰੋਕਾਰਾਂ ਦੀ ਲੰਬੇ ਸਮੇਂ ਦੀ ਮੰਗ ਸੀ, ਕਿਉਂਕਿ ਇਹ ਪਿਛਲੇ ਸਾਲ ਮਹਾਂਮਾਰੀ ਦੇ ਕਾਰਨ ਬੰਦ ਕਰਨਾ ਪਿਆ ਸੀ।ਕੈਪਟਨ ਅਮਰਿੰਦਰ ਸਿੰਘ ਨੇ ਅੱਜ ਕਿਹਾ, 'ਲਾਂਘਾ ਖੋਲ੍ਹਣ ਦਾਇਸ ਤੋਂ ਵਧੀਆ ਮੌਕਾ ਨਹੀਂ ਹੋਵੇਗਾ, ਜਿਸ ਨਾਲ ਹਜ਼ਾਰਾਂ ਸ਼ਰਧਾਲੂਆਂ ਨੂੰ ਗੁਰ-ਪੁਰਬ ਦੇ ਦਿਨ ਪਵਿੱਤਰ ਅਸਥਾਨ ਉੱਤੇ ਮੱਥਾ ਟੇਕਣਾ ਨਸੀਬ ਹੋਵੇਗਾ।ਪਤਾ ਲੱਗਾ ਹੈ ਕਿ ਮੁੱਖ ਮੰਤਰੀ ਪੰਜਾਬ ਨੇ ਵਿਰੋਧੀ ਧਿਰ ਦੇ ਆਗੂਆਂ ਨੂੰ ਵੀ ਸੱਦਾ ਭੇਜਿਆ ਹੈ ਕਿ ਉਹ ਇਸ ਮੌਕੇ ਪੰਜਾਬ ਸਰਕਾਰ ਦੇ ਜਥੇ ਵਿੱਚ ਆਪਣੇ ਪ੍ਰਤੀਨਿਧ ਭੇਜਣ।



ਦੂਸਰੇ ਪਾਸੇ ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਗੁਰਦੁ-ਆਰਾ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੁੱਲ੍ਹਣ ਉੱਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ 19 ਨਵੰਬਰ ਨੂੰ ਕਰਤਾਰਪੁਰ ਸਾਹਿਬ ਵਿਖੇ ਮਨਾਇਆ ਜਾਵੇਗਾ। ਉਸ ਦਿਨ ਉਹ ਖੁਦ ਇਕ ਜਥਾ ਲੈ ਕੇ ਕਰਤਾਰਪੁਰ ਸਾਹਿਬਜਾਣ-ਗੇ। ਭਾਰਤ ਸਰਕਾਰ ਦੇ ਲਾਂਘਾ ਖੋਲ੍ਹਣ ਦੇ ਐਲਾਨ ਪਿੱਛੋਂ ਬੀਬੀ ਜਗੀਰ ਕੌਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਲਾਂਘਾ ਮੁੜ ਖੋਲ੍ਹਣ ਲਈ ਲਿਖਿਆ ਸੀ। ਉਨ੍ਹਾਂ ਦੱਸਿਆ ਕਿ ਲਾਂਘਾ ਖੁੱਲ੍ਹਣ ਪਿੱਛੋਂ ਉਨ੍ਹਾਂ ਦੀ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ ਤੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨਾਲ ਗੱਲ ਹੋਈ ਹੈ, ਜਿਨ੍ਹਾਂ ਨੇ 19 ਨਵੰਬਰ ਦੇ ਜਥੇ ਵਾਸਤੇ ਮੁਕੰਮਲ ਪ੍ਰਬੰਧ ਕਰਨ ਦੀ ਭਰੋਸਾ ਦਿੱਤਾ ਹੈ।

# ਡੇਰਾ ਸੱਚਾ ਸੌਦਾ ਪ੍ਰੇਮੀ ਬਿੱਟੂ ਦੇ ਕਤਲ ਕੇਸ ਵਿੱਚ ਪਰਿਵਾਰ ਦੀ ਅਰਜ਼ੀ ਉੱਤੇ ਸੁਣਵਾਈ ਸ਼ੁਰੂ

### * ਪੰਜਾਬ ਸਰਕਾਰ ਅਤੇ ਸੀਬੀਆਈ ਨੂੰ ਨੋਟਿਸ ਜਾਰੀ

ਚੰਡੀਗੜ੍ਹ, 16 ਨਵੰਬਰ, (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਮਹਿੰਦਰਪਾਲ ਬਿੱਟੂ ਦੇ ਕਤਲ ਦੇ ਕੇਸ ਵਿੱਚ ਅੱਜ ਮੰਗਲਵਾਰ ਪੰਜਾਬ ਤੇ ਹਰਿਆਣਾ ਹਾਈ ਕੋਰਟਵਿੱਚ ਸੁਣਵਾਈ ਹੋਈ ਤਾਂ ਕੋਰਟ ਨੇ ਸੀਬੀਆਈ ਜਾਂਚ ਦੇ ਲਈ ਪੰਜਾਬ ਸਰਕਾਰ ਦੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ)ਤੇ ਜਾਂਚ ਏਜੰਸੀ ਸੀਬੀ ਆਈ ਨੂੰ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਇਸ ਕੇਸ ਦੀ ਅਗਲੀ ਸੁਣਵਾਈ 12 ਦਸੰਬਰ ਨੂੰ ਰੱਖੀ ਹੈ।




ਵਰਨਣ ਯੋਗ ਹੈ ਕਿ ਡੇਰਾ ਸੱਚਾ ਸੌਦਾ ਸਿਰਸਾ ਦਾ ਪ੍ਰੇਮੀ ਮਹਿੰਦਰਪਾਲ ਬਿੱਟੂਅਕਾਲੀ-ਭਾਜਪਾ ਸਰਕਾਰ ਦੌਰਾਨ ਹੋਏ ਬਰਗਾੜੀ ਦੇ ਬੇਅਦਬੀ ਕੇਸ ਦਾ ਮੁੱਖਦੋਸ਼ੀ ਸੀ, ਜਿਸ ਨੂੰ ਨਾਭਾ ਹਾਈ ਸਕਿਓਰਟੀ ਜੇਲ੍ਹ ਵਿੱਚ 2 ਕੈਦੀਆਂ ਨੇ ਕਤਲ ਕਰ ਦਿੱਤਾ ਸੀ।ਇਸ ਬਾਰੇਬਿੱਟੂ ਦੇ ਪਰਿਵਾਰ ਨੇ ਹਾਈਕੋਰਟ ਵਿੱਚ ਅਰਜ਼ੀ ਦੇ ਕੇ ਸੀਬੀਆਈ ਜਾਂਚ ਦੀ ਮੰਗ ਕੀਤੀ ਸੀ। ਕੇਸ ਦੀ ਮੁੱਢਲੀ ਸੁਣਵਾਈ ਪਿੱਛੋਂ ਪਰਿਵਾਰ ਦੇ ਵਕੀਲਾਂ ਨੇ ਦੱਸਿਆ ਕਿ ਬਿੱਟੂ ਨੇ ਜੇਲ੍ਹ ਵਿੱਚ ਲਿਖੀ ਡਾਇਰੀ ਵਿੱਚ ਸਾਰੇ ਤੱਥ ਪੇਸ਼ ਕੀਤੇ ਹਨ ਕਿ ਜੇਲ੍ਹ ਵਿੱਚਉਸ ਉੱਤੇ ਕਿਵੇਂ ਜ਼ੁਲਮ ਹੋਇਆ। ਇਹ ਡਾਇਰੀ ਆਪਣੇ ਆਪ ਹੀ ਸਬੂਤ ਹੈ, ਜਿਸ ਵਿੱਚਬਿੱਟੂ ਨੇ ਆਪਣੇਕਤਲ ਲਈ ਜ਼ਿੰਮੇਵਾਰ ਲੋਕਾਂ ਦੇ ਨਾਂ ਲਿਖੇ ਹਨ।ਐਡਵੋਕੇਟ ਬਲਤੇਜ ਸਿੱਧੂ ਨੇ ਕਿਹਾ ਕਿ ਮਹਿੰਦਰਪਾਲ ਬਿੱਟੂ ਉੱਤੇ ਬੇਅਦਬੀ ਦੇ ਦੋਸ਼ ਸਨ, ਪਰ ਬਿੱਟੂ ਨੇ ਹਮੇਸ਼ਾ ਕਿਹਾ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੈ ਤੇ ਉਸ ਦਾ ਪਰਿਵਾਰ ਕਦੇ ਅਜਿਹੀਆਂ ਹਰਕਤਾਂਵਿੱਚ ਸ਼ਾਮਲ ਨਹੀਂ ਹੋਇਆ। ਇਸ ਸੱਚ ਨੂੰ ਦਬਾਉਣ ਲਈ ਬਿੱਟੂ ਦਾ ਜੇਲ੍ਹ ਵਿੱਚ ਕਤਲ ਕੀਤਾ ਗਿਆ ਹੈ। ਨਾਭਾ ਵਰਗੀ ਉੱਚ ਸੁਰੱਖਿਆ ਜੇਲ੍ਹ ਵਿੱਚਬਿੱਟੂ ਦਾ ਕਤਲ ਆਪਣੇ ਆਪ ਸਵਾਲ ਖੜ੍ਹੇ ਕਰਦਾ ਹੈ। ਐਡਵੋਕੇਟ ਸਿੱਧੂ ਨੇ ਦੱਸਿਆ ਕਿ ਇਸ ਕਤਲ ਪਿੱਛੋਂ ਪੁਲਿਸ ਜਾਂਚ ਸਿਰਫਧੋਖਾ ਸੀ, ਅਸੀਂ ਅਦਾਲਤ ਤੋਂ ਮੰਗ ਕੀਤੀ ਹੈ ਕਿ ਇਸ ਦੀ ਸੀਬੀ ਆਈ ਜਾਂਚ ਕਰਵਾਈ ਜਾਵੇ ਤਾਂ ਜੋ ਸੱਚਾਈ ਸਾਹਮਣੇ ਆ ਸਕੇ।

# ਮਹਿਲਾ ਪੁਲਸ ਅਧਿਕਾਰੀ ਨੇ ਬੇਹੋਸ਼ ਨੌਜਵਾਨ ਨੂੰ ਮੋਢੇ ਉੱਤੇ ਚੁੱਕ ਕੇ ਹਸਪਤਾਲ ਪੁਚਾਇਆ

ਚੇਨੱਈ, 16 ਨਵੰਬਰ (ਪੋਸਟ ਬਿਊਰੋ)- ਭਾਰੀ ਮੀਂਹ ਦਾ ਸਾਹਮਣਾ ਕਰ ਰਹੇ ਚੇਨੱਈ ਤੋਂ ਵਾਇਰਲ ਹੋਈ ਇੱਕ ਵੀਡੀਓ ਨੇ ਇਨਸਾਨੀਅਤ, ਮਦਦ ਅਤੇ ਡਿਊਟੀ ਪ੍ਰਤੀ, ਸ਼ਰਧਾ ਵਰਗੇ ਸ਼ਬਦਾਂ ਨੂੰ ਨਵੇਂ ਅਰਥ ਦਿੱਤੇ ਹਨ।



ਵਾਇਰਲ ਵੀਡੀਓ ਵਿੱਚ ਵੇਖਿਆ ਜਾ ਸਕਦਾ ਹੈ ਕਿ ਸ਼ਮਸ਼ਾਨਘਾਟ ਵਿੱਚ ਕੰਮ ਕਰਦਾ ਇੱਕ ਨੌਜਵਾਨ ਤੇਜ਼ ਮੀਂਹ ਦੌਰਾਨ ਅਚਾਨਕ ਬੇਹੋਸ਼ ਹੋ ਗਿਆ। ਟੀ ਪੀ ਚੇਤਰਾਮ ਥਾਣੇ ਦੀ ਇੰਸਪੈਕਟਰ ਰਾਜੇਸ਼ਵਰੀ ਬੇਹੋਸ਼ ਨੌਜਵਾਨ ਨੂੰ ਆਪਣੇ ਮੋਢੇ ਉੱਤੇ ਚੁੱਕ ਕੇ ਲੈ ਕੇ ਗਈ। ਪਹਿਲਾਂ ਉਸ ਨੂੰ ਕਾਰ ਦੀ ਡਿੱਗੀ ਵਿੱਚ ਲੱਦਣ ਦੀ ਕੋਸ਼ਿਸ਼ ਕੀਤੀ, ਪਰ ਰਾਜੇਸ਼ਵਰੀ ਨੇ ਕਿਹਾ ਕਿ ਉਹ ਇਸ ਵਿੱਚ ਨਹੀਂ ਜਾ ਸਕਦਾ। ਇਸ ਤੋਂ ਬਾਅਦ ਉਹ ਉਸ ਨੂੰ ਲੈ ਕੇ ਸੜਕ ਉੱਤੇ ਤੇਜ਼ੀ ਨਾਲ ਦੌੜੀ ਅਤੇ ਸੜਕ ਉੱਤੇ ਇੱਕ ਆਟੋ ਵੇਖ ਕੇ ਉਸ ਨੂੰ ਰੋਕਿਆ ਅਤੇ ਨੌਜਵਾਨ ਨੂੰ ਉਸ ਵਿੱਚ ਬਿਠਾ ਕੇ ਇੱਕ ਆਦਮੀ ਨੂੰ ਉਸ ਨੂੰ ਹਸਪਤਾਲ ਲੈ ਜਾਣ ਲਈ ਕਿਹਾ। ਖ਼ਬਰਾਂ ਅਨੁਸਾਰ ਰਾਜੇਸ਼ਵਰੀ ਨੇ ਕਿਹਾ, "ਪਹਿਲਾਂ ਮੈਂ ਉਸ ਨੌਜਵਾਨ ਨੂੰ ਮੁੱਢਲੀ ਸਹਾਇਤਾ ਦਿੱਤੀ ਅਤੇ ਫਿਰ ਉਸ ਨੂੰ ਮੋਢੇ ਉੱਤੇ ਬਿਠਾ ਲਿਆ। ਫਿਰ ਉਥੇ ਇੱਕ ਆਟੋ ਆ ਗਿਆ ਤੇ ਅਸੀਂ ਉਸ ਨੂੰ ਹਸਪਤਾਲ ਭੇਜ ਦਿੱਤਾ। ਬਾਅਦ ਵਿੱਚ ਮੈਂ ਵੀ ਹਸਪਤਾਲ ਗਈ, ਉਸ ਦੀ ਮਾਂ ਵੀ ਉਥੇ ਆਈ ਹੋਈ ਸੀ। ਡਾਕਟਰ ਨੇ ਕਿਹਾ, ਘਬਰਾਉਣ ਦੀ ਕੋਈ ਗੱਲ ਨਹੀਂ।" ਇਹ ਵੀਡੀਓ ਸੋਸ਼ਲ ਮੀਡੀਆ ਉੱਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਲੋਕ ਇੰਸਪੈਕਟਰ ਰਾਜੇਸ਼ਵਰੀ ਦੀ ਤਾਰੀਫ਼ ਕਰ ਰਹੇ ਹਨ। ਕੋਈ ਉਸ ਨੂੰ ਅਸਲ ਜ਼ਿੰਦਗੀ ਦਾ ਸੂਰਜਵੰਸ਼ੀ ਦੱਸ ਰਿਹਾ ਹੈ ਤਾਂ ਕੋਈ ਹੋਰ ਇਹ ਕਹਿ ਰਿਹਾ ਹੈ ਕਿ ਉਹ ਮਹਿਲਾ ਸਸ਼ਕਤੀਕਰਨ ਦੀ ਅਸਲ ਮਿਸਾਲ ਹੈ।

# ਸੁਖਬੀਰ ਬਾਦਲ ਦਾ ਚੰਨੀ ਉੱਤੇ ਹਮਲਾ: ਮੁੰਡਾ ਕਰੋੜਾਂ ਦੀ ਗੱਡੀ ਚਲਾਉਂਦੈ ਤੇ ਚੰਨੀ ਖੁਦ ਰੇਤੇ ਦਾ ਪੈਸਾ ਲੈਂਦਾ ਹੈ

ਨਵਾਂ ਸ਼ਹਿਰ, 16 ਨਵੰਬਰ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਨਵਾਂ ਸ਼ਹਿਰਦੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਚੰਨੀ ਅਤੇ ਸਥਾਨਕ ਕਾਂਗਰਸ ਵਿਧਾਇਕ ਉੱਤੇ ਵੱਡਾ ਹਮਲਾ ਕੀਤਾ ਅਤੇਮੁੱਖ ਮੰਤਰੀ ਚੰਨੀ ਦੇ ਪੁੱਤਰ ਨੂੰ ਵੀ ਲਪੇਟ ਵਿੱਚ ਲੈ ਲਿਆ।

ਇਸ ਮੌਕੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਜਿੱਥੇ ਜਾਂਦਾ ਹੈ, ਉਥੇ ਕਹਿੰਦਾ ਹੈ ਕਿ ਉਹ ਆਮ ਆਦਮੀ ਹੈ, ਪਰ ਲੋਕਾਂ ਨੂੰ ਦੱਸਣ ਦੀ ਲੋੜ ਨਹੀਂ ਕਿ ਆਮ ਆਦਮੀ ਕੌਣ ਹੈ ਜਾਂ ਨਹੀਂ,ਇਸ ਦੀ ਪਛਾਣ ਲੋਕ ਕਰ ਲੈਂਦੇ ਹਨ।ਉਨ੍ਹਾਂ ਨੇ ਮੁੱਖ ਮੰਤਰੀ ਚੰਨੀਬਾਰੇ ਕਿਹਾ ਕਿ ਆਮ ਆਦਮੀ ਦਾ ਪੁੱਤਰ 3 ਕਰੋੜ ਦੀ ਗੱਡੀ ਨਹੀਂ ਚਲਾ ਸਕਦਾ, ਪਰ ਚੰਨੀ ਦਾ ਪੁੱਤਰ ਚਲਾਉਂਦਾ ਹੈ। ਸੁਖਬੀਰ ਸਿੰਘ ਬਾਦਲ ਨੇ ਇਹ ਵੀ ਕਿਹਾ ਕਿ 'ਨਵਾਂ ਸ਼ਹਿਰ ਹਲਕੇ ਵਿੱਚ ਕਾਂਗਰਸ ਦਾ ਗੁੰਡਾ ਐੱਮ ਐੱਲ ਏ ਹੈ, ਜਿਹੜਾ ਪੰਜਾਬ ਦਾ ਸਭ ਤੋਂ ਵੱਡਾ ਰੇਤ ਅਤੇ ਸ਼ਰਾਬ ਮਾਫੀਆ ਹੈ। ਇਸ ਵਿਧਾਇਕ ਦੇ ਪਾਲ਼ੇ ਹੋਏ ਬਹੁਤ ਸਾਰੇ ਗੁੰਡੇ ਆਮ ਲੋਕਾਂ ਨਾਲ ਧੱਕਾ ਅਤੇ ਕਬਜ਼ੇ ਕਰਦੇ ਹਨ।' ਉਨ੍ਹਾ ਕਿਹਾ ਕਿ ਇਥੋਂ ਦਾ ਐੱਮ ਐੱਲ ਏ ਸੋਚਦਾ ਹੋਵੇਗਾ ਕਿ ਮੈਂ ਹਮੇਸ਼ਾ ਲਈ ਇਥੋਂ ਦਾ ਵਿਧਾਇਕ ਰਹਾਂਗਾ, ਪਰ ਉਸ ਨੂੰ ਨਹੀਂ ਪਤਾ ਕਿ ਉਸ ਨੂੰ ਵਿਧਾਇਕ ਬਣਾਉਣ ਵਾਲੇ ਵੀ ਲੋਕ ਹਨ ਅਤੇ ਹਰਾਉਣ ਵਾਲੇ ਵੀ ਲੋਕ ਹਨ।



ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀਰੇਤ ਮਾਫ਼ੀਆ ਦਾ ਪੈਸਾ ਲੈਂਦਾ ਹੈ।ਉਨ੍ਹਾਂ ਕਿਹਾ ਕਿ ਇਥੋਂ ਦੇ ਵਿਧਾਇਕ ਨੇ ਮੁਲਾਜ਼ਮਾਂ ਤੇ ਵਰਕਰਾਂ ਨਾਲ ਬਹੁਤ ਧੱਕੇ ਕੀਤੇ ਤੇ ਉਨ੍ਹਾਂ ਖਿਲਾਫ ਕੇਸ ਦਰਜ ਕਰਵਾਏ ਹਨ, ਜਿਸ ਦਾ ਬਦਲਾ ਉਹ ਆਪਣੀ ਸਰਕਾਰ ਬਣੀ ਤੋਂ ਲੈਣਗੇ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ 5 ਸਾਲਾ ਰਾਜ ਵਿੱਚ ਕੁਝ ਨਹੀਂ ਕੀਤਾ ਤੇ ਇਹ ਫਿਰ ਪੰਜਾਬ ਵਿੱਚ ਵਾਪਸ ਆਉਣ ਦੇ ਯਤਨ ਵਿੱਚ ਹੈ।ਉਨ੍ਹਾ ਕਿਹਾ ਕਿ ਚਰਨਜੀਤ ਸਿੰਘ ਚੰਨੀ ਸਰਕਾਰ ਬਣਾਉਣ ਲਈ ਝੂਠ ਬੋਲਦਾ ਤੇ ਲੋਕਾਂ ਨਾਲ ਰੋਜ਼ ਨਵਾਂ ਵਾਅਦਾ ਕਰਦਾ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd. Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

NEED A LAWYER ??
KAUR LAW OFFICE
Red Seal NOTARY
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkwy unit #45, Brampton, ON L6S 5T4 Email: grandupholsery@gmail.com

# ਮਨਪ੍ਰੀਤ ਬਾਦਲ ਵੱਲੋਂ ਮੰਗ: ਕੇਂਦਰੀ ਫੰਡ ਦੇਣ ਸਮੇਂ ਪੰਜਾਬ ਦੀ ਆਰਥਿਕਤਾ ਨਾਲ ਸੁਰੱਖਿਆ ਪੱਖ ਵੀ ਵਿਚਾਰਿਆ ਜਾਵੇ

ਚੰਡੀਗੜ੍ਹ, 16 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨਾਲ ਆਨਲਾਈਨ ਗੱਲਬਾਤ ਦੌਰਾਨ ਕਿਹਾ ਹੈ ਕਿ ਦੇਸ਼ ਉੱਤੇ ਬਾਹਰੀ ਹਮਲਿਆਂ ਦੌਰਾਨ ਪੰਜਾਬ ਹਮੇਸ਼ਾ ਖੜਗ ਭੁਜਾ ਬਣ ਕੇ ਡਟਦਾ ਰਿਹਾ ਹੈ, ਇਸ ਲਈ ਕੇਂਦਰੀ ਫੰਡਾਂਦੀਅਲਾਟਮੈਂਟਵੇਲੇ ਗੁਆਂਢੀ ਰਾਜਾਂ ਨੂੰ ਦਿੱਤੇ ਵਿਸ਼ੇਸ਼ ਪੈਕੇਜਾਂ ਵਾਂਗ ਇਸ ਨੂੰ ਵਿਸ਼ੇਸ਼ ਫੰਡ ਦੇਣ ਲਈ ਆਰਥਿਕ ਦੇ ਨਾਲ ਸੁਰੱਖਿਆਪੱਖਵਿਚਾਰਨਾ ਚਾਹੀਦਾ ਹੈ ਅਤੇਇਸ ਦੇ ਵਿਕਾਸ ਨੂੰ ਹੁਲਾਰਾ ਦੇਣ ਬਾਰੇ ਸੋਚਣਾ ਚਾਹੀਦਾ ਹੈ। ਭਾਰਤ ਦੇ ਖੇਤੀ ਪ੍ਰਧਾਨ ਰਾਜ ਪੰਜਾਬਵਿੱਚ ਸਨਅਤੀ ਵਿਕਾਸ ਅੱਗੇ ਤੋਰਨਦੇ ਵਿਸ਼ੇਸ਼ ਪੈਕੇਜ ਉੱਤੇ ਵਿਚਾਰ ਦੀ ਪੈਰਵੀ ਕਰਦਿਆਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰੀ ਮੰਤਰੀ ਨੂੰ ਕਿਹਾ ਕਿ ਇਹ ਸਰਹੱਦੀ ਰਾਜ ਵੀ ਆਪਣੇ ਗੁਆਂਢੀ ਰਾਜਾਂ ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਉਤਰਾਖੰਡ ਵਾਂਗ ਵਿਸ਼ੇਸ਼ ਪੈਕੇਜਾਂ ਦਾ ਹੱਕਦਾਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮਿਹਨਤੀ ਲੋਕਾਂ ਨੇ 1947, 1962, 1965 ਅਤੇ 1971 ਵਿੱਚ ਦੇਸ਼ ਲਈ ਲੜਾਈ ਲੜਨ ਤੋਂ ਇਲਾਵਾ ਸਰਹੱਦ ਪਾਰੋਂ ਖੜੇ ਕੀਤੇ ਖਤਰਿਆਂ ਦੇ ਖਿਲਾਫ ਕੌਮੀ ਲੜਾਈ ਲੜੀ ਹੈ।

# ਨਵਜੋਤ ਸਿੰਘ ਸਿੱਧੂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂ ਫਿਰ ਚਾਰਜ ਸੰਭਾਲਿਆ

ਚੰਡੀਗੜ੍ਹ, 16 ਨਵੰਬਰ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘਸਿੱਧੂ ਨੇ ਅੱਜ ਆਪਣਾ ਅਹੁਦਾ ਇੱਕ ਵਾਰ ਫਿਰ ਸੰਭਾਲ ਲਿਆ ਹੈ।ਇਸ ਮੌਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਚੌਧਰੀ ਵੀ ਉਨ੍ਹਾਂ ਦੇ ਨਾਲ ਸਨ।ਸਿੱਧੂ ਨੇ ਚੰਨੀ ਸਰਕਾਰ ਦੇ ਕੁਝ ਫੈਸਲਿਆਂ ਤੋਂ ਨਾਰਾਜ਼ ਹੋ ਕੇ ਅਸਤੀਫਾ ਦਿੱਤਾ ਸੀ, ਜਿਹੜਾ ਬਾਅਦ ਵਿੱਚ ਵਾਪਸ ਲੈ ਲਿਆ ਸੀ, ਪਰ ਅਜੇ ਤੱਕਅਹੁਦਾ ਨਹੀਂ ਸੰਭਾਲਿਆ ਸੀ।

ਅੱਜ ਆਪਣਾ ਕੰਮ ਸੰਭਾਲਦਿਆਂ ਨਵਜੋਤ ਸਿੰਘਸਿੱਧੂ ਨੇ ਦਾਅਵਾ ਕੀਤਾ ਕਿ ਕਾਂਗਰਸ ਇੱਕਜੁੱਟ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਸੈਸ਼ਨ ਇਸ ਦਾ ਗਵਾਹ ਹੈ ਕਿ ਕਾਂਗਰਸ ਇਕੱਠੀ ਹੈ।ਇਸ ਮੌਕੇ ਉਨ੍ਹਾਂ ਕਿਹਾ ਕਿ 'ਪੰਜਾਬ ਸਭ ਤੋਂ ਵੱਧ ਕਰਜ਼ਾਈ ਰਾਜ ਹੈ, ਇਸ ਨੂੰ ਆਤਮ ਨਿਰਭਰ ਬਣਾਉਣਾ ਤੇ ਪੈਰਾਂ ਉੱਤੇ ਖੜਾ ਕਰਨਾ ਹੈ। ਸਾਡੇ ਕੋਲ ਇੱਕ ਚੰਗਾ ਜਨਰਲ ਸੈਕਟਰੀ ਹੈ, ਜਿਸ ਨੂੰ ਕਾਂਗਰਸ ਦਾ ਸਭ ਪਤਾ ਹੈ।'ਉਨ੍ਹਾ ਕਿਹਾ ਕਿ ਕਾਂਗਰਸ ਦੀ ਤਾਕਤ ਇਸੇ ਮਹੀਨੇ ਦਿਖਾ ਦੇਵਾਂਗੇ ਤੇ ਦੱਸਾਂਗੇ ਕਿ ਕਾਂਗਰਸ ਚੋਣਾਂ ਕਿਵੇਂ ਲੜ ਰਹੀ ਹੈ।



ਦੂਸਰੇ ਪਾਸੇ ਅਗਲੀਆਂ ਵਿਧਾਨ ਸਭਾ ਚੋਣਾਂ ਦੀ ਵਧਦੀ ਸਰਗਰਮੀ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘਸਿੱਧੂ ਦਾ ਆਪਣੀ ਸਰਕਾਰ ਅਤੇ ਮੁੱਖ ਮੰਤਰੀ ਉੱਤੇਵਾਰ-ਵਾਰ ਨਿਸ਼ਾਨਾ ਲਾਉਣਾਪਾਰਟੀ ਹਾਈ ਕਮਾਨ ਨੂੰ ਬੇਚੈਨ ਕਰ ਰਿਹਾ ਹੈ।ਪਾਰਟੀ ਦੇ ਸੀਨੀਅਰ ਆਗੂਆਂ ਦੀਆਂ ਸਲਾਹਾਂ ਅਤੇ ਫ਼ੈਸਲਿਆਂ ਦੀ ਬਜਾਏ ਨਵਜੋਤ ਸਿੱਧੂਖੁੱਲ੍ਹੇ ਤੌਰ ਉੱਤੇਮੁੱਖ ਮੰਤਰੀ ਉੱਤੇ ਸਿਆਸੀ ਵਾਰ ਕਰਰਹੇ ਹਨ। ਉਨ੍ਹਾਂ ਦਾ ਅਜਿਹਾ ਹਰ ਕਦਮ ਕਾਂਗਰਸ ਦੀ ਚੋਣ ਚੁਣੌਤੀ ਨੂੰ ਵਧਾ ਰਿਹਾ ਹੈ। ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਵੱਲੋਂ ਕਾਂਗਰਸ ਛੱਡਣ ਮਗਰੋਂ ਚੋਣਾਂ ਤੋਂ ਪਹਿਲਾਂ ਪਾਰਟੀ ਲੀਡਰਸ਼ਿਪ ਨਵਜੋਤ ਸਿੰਘਸਿੱਧੂ ਦੇ ਤੇਵਰਾਂ ਉੱਤੇ ਜਵਾਬੀ ਹਮਲੇ ਤੋਂ ਝਿਜਕਦੀ ਹੈ, ਪਰ ਚੋਣਾਂ ਨੇੜੇ ਰਾਜ ਸਰਕਾਰ ਦੇ ਲੋਕ-ਪੱਖੀ ਫੈਸਲਿਆਂ ਕਾਰਨਮੁੱਖ ਮੰਤਰੀ ਚੰਨੀ ਉੱਤੇ ਨਿਸ਼ਾਨਾ ਲਾਉਂਦੇਸਿੱਧੂ ਦੇ ਬਿਆਨ ਕੇਂਦਰੀ ਲੀਡਰਸ਼ਿਪ ਨੂੰ ਦੁਖੀ ਕਰ ਰਹੇ ਹਨ।ਪਾਰਟੀ ਸੂਤਰਾਂ ਮੁਤਾਬਕ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਸਾਬਕਾ ਪ੍ਰਧਾਨ ਰਾਹੁਲ ਗਾਂਧੀ ਤੇ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਨਾਲ ਸਿੱਧੇ ਤੌਰ ਉੱਤੇਨਵਜੋਤ ਸਿੰਘ ਸਿੱਧੂ ਦੀ ਗੱਲ ਹੁੰਦੀ ਰਹੀ ਹੈਤੇਸਿੱਧੂ ਨੇ ਪੰਜਾਬ ਵਿਚ ਪਾਰਟੀ ਨੂੰ ਜਿਤਾਉਣ ਲਈ ਜ਼ੋਰ ਲਾਉਣ ਦਾ ਵਾਅਦਾ ਵੀ ਕੀਤਾ ਸੀ, ਪਰ ਇਸ ਸੋਮਵਾਰ ਉਸ ਨੇ ਮੁੱਖ ਮੰਤਰੀ ਚੰਨੀ ਦੇ ਫ਼ੈਸਲਿਆਂ ਉੱਤੇਜਿਵੇਂ ਫਿਰ ਸਵਾਲ ਕੀਤੇ ਹਨ, ਉਸ ਨੂੰ ਹਾਈ ਕਮਾਨ ਨੇ ਪਸੰਦ ਨਹੀਂ ਕੀਤਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

Check our Free E-paper at:
www.canadianpunjabipost.ca
905-793-2202
ਪੰਜਾਬੀ ਪੋਸਟ


# ਨਸ਼ਿਆਂ ਦੀ ਸਮਗਲਿੰਗ ਕਰਨ ਵਾਲੀ ਆਰਗੇਨਾਈਜ਼ੇਸ਼ਨ ਦਾ ਪਰਦਾਫਾਸ਼

...ਪੰਨਾ 1 ਦਾ ਬਾਕੀ

ਇਨ੍ਹਾਂ ਵਾਰੰਟਸ ਉੱਤੇ 200 ਤੋਂ ਵੱਧ ਅਧਿਕਾਰੀਆਂ ਵੱਲੋਂ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਇਸ ਦੌਰਾਨ ਪੁਲਿਸ ਨੂੰ 495 ਕਿੱਲੋਗੈਰਕਾਨੂੰਨੀ ਮੈਰੀਯੁਆਨਾ ਤੇਲ, 7166 ਕਿੱਲੋ ਗੈਰਕਾਨੂੰਨੀ ਮੈਰੀਯੁਆਨਾ ਬੱਡਜ਼, 10,000 ਪੈਕੇਟ ਗੈਰਕਾਨੂੰਨੀ ਮੈਰੀਯੁਆਨਾ ਐਡੀਬਲਜ਼, 2773 ਕਿੱਲੋਗੈਰਕਾਨੂੰਨੀ ਮੈਰੀਯੁਆਨਾ ਸ਼ੇਕ, 185 ਕਿੱਲੋ ਗੈਰਕਾਨੂੰਨੀ ਮੈਰੀਯੁਆਨਾ ਸੈਟਰ, 15343 ਗੈਰਕਾਨੂੰਨੀ ਮੈਰੀਯੁਆਨਾ ਪਲਾਂਟਸ, 65 ਕਿੱਲੋ ਸਿਲੋਸੀਬਿਨ, 124 ਗ੍ਰਾਮ ਕੋਕੀਨ, 28 ਆਕਸੀਕੋਡਨ ਪਿੱਲਜ਼, 50 ਹਾਈਡ੍ਰੋਮੋਰਫੋਨ ਪਿੱਲਜ਼, 653,000 ਤੋਂ ਵੱਧ ਕੀਮਤ ਦੇ ਮੈਰੀਯੁਆਨਾ ਉਗਾਉਣ ਲਈ ਵਰਤਿਆ ਜਾਣ ਵਾਲਾ ਸਾਜ਼ੋ ਸਮਾਨ, ਚਾਰ ਹੈਂਡਗੰਨਜ਼, .22 ਕੈਲੀਬਰ ਦੀ ਰਾਈਫਲ, 12 ਸ਼ੌਟਗੰਨ ਸਮੇਤ ਛੇ ਹਥਿਆਰ ਤੇ ਹੋਰ ਗੋਲੀ ਸਿੱਕਾ, 53000 ਕੈਨੇਡੀਅਨ ਡਾਲਰ, ਛੇ ਗੱਡੀਆਂ-ਜਿਨ੍ਹਾਂ ਦੀ ਸਾਂਝੀ ਕੀਮਤ 163,000 ਡਾਲਰ ਹੈ, ਬਰਾਮਦ ਹੋਇਆ ਹੈ। ਪੁਲਿਸ ਨੇ ਆਖਿਆ ਕਿ ਇਹ ਆਰਗੇਨਾਈਜ਼ੇਸ਼ਨ ਕੈਨੇਡਾ ਦੇ ਹੋਰਨਾਂ ਹਿੱਸਿਆਂ ਤੇ ਦੁਨੀਆ ਭਰ ਵਿੱਚ ਗੈਰਕਾਨੂੰਨੀ ਤੌਰ ਉੱਤੇ ਮੈਰੀਯੁਆਨਾ ਸਬੰਧੀ ਉਤਪਾਦ ਡਲਿਵਰ ਕਰ ਰਹੀ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

# ਤਰਕਸ਼ੀਲ ਸੋਸਾਇਟੀ ਕੈਨੇਡਾ ਦੀ ਓਨਟਾਰੀਓ ਇਕਾਈ ਦੀ ਨਵੀਂ ਕਾਰਜਕਰਨੀ ਦੀ ਚੋਣ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੋਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਦੇ ਬੀਤੇ ਐਤਵਾਰ ਹੋਏ ਜਨਰਲ ਇਜਲਾਸ ਵਿਚ ਨਵੀਂ ਕਾਰਜਕਰਨੀ ਦੀ ਚੋਣ ਕਰਨ ਉਪਰੰਤ ਸਰਬਸੰਮਤੀ ਨਾਲ ਨਵੇਂ ਆਹੁਦੇਦਾਰ ਚੁਣੇ ਗਏ। ਇਸ ਵਿਚ ਬਲਰਾਜ ਸ਼ੌਕਰ ਪ੍ਰਧਾਨ, ਜਸਵੀਰ ਚਾਹਲ ਮੀਤ ਪ੍ਰਧਾਨ, ਅਮਨਦੀਪ ਮੰਡੇਰ ਸਕੱਤਰ, ਨਛੱਤਰ ਬਦੇਸ਼ਾ ਸਹਾਇਕ ਸਕੱਤਰ ਅਤੇ ਪਰਮਜੀਤ ਸੰਧੂ ਖਜ਼ਾਨਚੀ ਚੁਣੇ ਗਏ। ਕਨੇਡਾ ਪੱਧਰ ਤੇ ਗਠਿਤ ਹੋਈ ਸੋਸਾਇਟੀ ਵਿਚ, ਇਕਾਈ ਵਲੋਂ, ਬਲਦੇਵ ਰਹਿਪਾ ਅਤੇ ਬਲਵਿੰਦਰ ਬਰਨਾਲਾ ਪਹਿਲਾਂ ਹੀ ਡੈਲੀਗੇਟ ਦੇ ਤੌਰ ਤੇ ਨਾਮਜ਼ਦ ਹੋ ਚੁੱਕੇ ਹਨ। ਇਜਲਾਸ ਦੀ ਸਮੁੱਚੀ ਕਾਰਵਾਈ ਡਾ ਬਲਜਿੰਦਰ ਸੇਖੋਂ, ਅਮ੍ਰਿਤ ਢਿਲੋਂ ਅਤੇ ਬਲਵਿੰਦਰ ਬਰਨਾਲਾ ਦੀ ਪ੍ਰਧਾਨਗੀ ਤਹਿਤ ਬਹੁਤ ਸੁਹ-ਾਵਣੇ ਮਾਹੌਲ ਵਿਚ ਹੋਈ। ਸਭ ਤੋਂ ਪਹਿਲਾਂ ਕਿਸਾਨੀ ਅੰਦੋਲਨ ਦੇ ਸ਼ਹੀਦਾਂ ਅਤੇ ਕਨੇਡਾ ਦੇ ਰਹਾਇਸ਼ੀ ਸਕੂਲਾਂ ਵਿਚ ਮਾੜੇ ਵਿਵਹਾਰ ਕਾਰਨ ਮਾਰੇ ਗਏ ਮੂਲ ਨਿਵਾਸੀ ਬੱਚਿਆਂ ਨੂੰ ਸ਼ਰਧਾਂਜਲੇ ਭੇਂਟ ਕੀਤੀ ਗਈ। ਸਰਗਰਮੀਆਂ ਦੀ ਰਿਪੋਰਟ ਕੋਆਰਡੀਨੇਟਰ ਬਲਦੇਵ ਰਹਿਪਾ ਵਲੋ, ਆਮਦਨ ਖਰਚ ਦੀ ਵਿੱਤ ਕੋਆਰਡੀਨੇਟਰ ਨਛੱਤਰ ਬਦੇਸ਼ਾ ਵਲੋਂ, ਅਤੇ ਕਿਤਾਬਾਂ ਸਬੰਧੀ ਰਿਪੋਰਟ ਇਨਚਾਰਜ ਅਮਨਦੀਪ ਮੰਡੇਰ ਵਲੋਂ ਪੇਸ਼ ਕੀਤੀ ਗਈ। ਸਾਰੀਆਂ ਰਿਪੋਰਟਾਂ ਸਰਬਸੰਮਤੀ ਨਾਲ ਪ੍ਰਵਾਨ ਕਰ ਲਈਆਂ ਗਈਆਂ। ਕਰੋਨਾ ਕਾਰਨ ਪਿਛਲੇ ਸਾਲ ਹੋਣ ਵਾਲੀ ਚੋਣ ਨਹੀਂ ਹੋ ਸਕੀ ਸੀ ਅਤੇ ਨਾ ਹੀ ਇਨ੍ਹਾਂ ਦੋ ਸਾਲਾਂ ਵਿਚ ਕੋਈ ਵੱਡੇ ਜਨਤੱਕ ਪ੍ਰੋਗਰਮ ਕੀਤੇ ਜਾ ਸਕੇ। ਪਰ ਆਹੁਦੇਦਾਰਾਂ ਦੀ ਟੀਮ ਵਲੋਂ 2018 ਵਿਚ ਕੀਤੇ ਕਈ ਜਨਤਕ ਪ੍ਰੋਗਰਾਮਾ ਦੀ ਸਰਾਹਣਾ ਕੀਤੀ ਗਈ। ਕਰੋਨਾ ਕਾਲ ਦੌਰਾਨ, ਕਿਸਾਨੀ ਸੰਘਰਸ਼ ਦੇ ਸਮਰਥਣ ਵਿਚ ਕੀਤੇ ਜੂਮ ਅਤੇ ਬਾਅਦ ਵਿਚ ਜਨਤਕ ਪ੍ਰੋਗਰਾਮ ਵੀ ਸਰਾਹੇ ਗਏ। ਸੁਸਾਇਟੀ ਵਲੋਂ ਕੌਮੀ ਪੱਧਰ ਤੇ ਤਾਲਮੇਲ ਕਰਕੇ ਤਰਕਸ਼ੀਲ ਸੁਸਾਇਟੀ ਕਨੇਡਾ ਦੇ ਗੱਠਨ ਕਰਨ ਨੂੰ ਇੱਕ ਇਤਿਹਾਸਕ ਕਾਰਜ ਦੱਸਿਆ ਗਿਆ ਅਤੇ ਇਸ ਕੋਸ਼ਿਸ਼ ਨੂੰ ਅੱਗੇ ਤੋਰਦੇ ਹੋਏ ਇੱਕ ਅੰਤਰਰਾਸ਼ਟਰੀ ਸੰਸਥਾ ਬਣਾਉਣ ਵੱਲ ਯਤਨ ਕਰਨ ਦਾ ਵੀ ਫੈਸਲਾ ਕੀਤਾ ਗਿਆ। ਫੈਸਲਾ ਕੀਤਾ ਗਿਆ ਕਿ ਜਿਥੇ ਵਹਿਮਾਂ ਭਰਮਾਂ ਦੇ ਕੂੜ ਪ੍ਰਚਾਰ ਨੂੰ ਰੋਕਣ ਲਈ ਸੋਸ਼ਲ ਮੀਡੀਆ ਕਾਰਗਰ ਢੰਗ ਨਾਲ ਵਰਤਣਾ ਚਾਹੀਦਾ ਹੈ, ਇਸ ਦੇ ਨਾਲ ਹੀ ਨੌਜਵਾਨਾ, ਵਿਦਿਆਰਥੀਆਂ ਅਤੇ ਔਰਤਾਂ ਦੀ ਸ਼ਮੂਲੀਅਤ ਵਧਾਉਣ ਲਈ ਵੀ ਹੋਰ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਅਗਲੇ ਸਾਲ ਕੀਤੇ ਜਾਣ ਵਾਲੇ ਪ੍ਰਗਰਮਾ ਵਿਚ ਮੁੱਖ ਤੌਰ ਤੇ ਅਪਰੈਲ ਮਹੀਂਨੇ ਦੇ ਦੂਜੇ ਹਫਤੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਨ ਨੂੰ ਸਮਰਪਿਤ ਨਾਟਕ ਮੇਲਾ ਕਰਵਾਉਣ ਦਾ ਫੈਸਲਾ ਵੀ ਕੀਤਾ ਗਿਆ। ਇਜਲਾਸ ਦੀ ਸਮੁੱਚੀ ਕਾਰਵਾਈ ਧੰਨਵਾਦ ਮਤੇ ਨਾਲ ਸਮਾਪਤ ਹੋਈ। ਸੁਸਾਇਟੀ ਬਾਰੇ ਹੋਰ ਜਾਣਕਾਰੀ ਲਈ, ਬਲਰਾਜ ਸ਼ੌਕਰ (647 679 4398) ਜਾਂ ਅਮਨਦੀਪ ਮੰਡੇਰ (647 782 8334) ਨਾਲ ਸੰਪਰਕ ਕੀਤਾ ਜਾ ਸਕਦਾ ਹੈ।





ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
• ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
• ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
• ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
• ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
• ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
• ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
• ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
• ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
• ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
• ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
• ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
• ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification

Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005



AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh

416.670.3173 | 905.799.7333
27 Edvac Dr, Brampton, ON L6S 5X8

# ਗੁਰੂ ਨਾਨਕ ਦੇਵ ਜੀ ਦੇ ਦੱਸੇ ਮਾਰਗ ’ਤੇ ਚੱਲੀਏ



ਸੁਰਜੀਤ ਸਿੰਘ ਫਲੋਰਾ

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਹਨ। ਗੁਰੂ ਨਾਨਕ ਦੇਵ ਜੀ ਪਹਿਲੇ ਸਿੱਖ ਗੁਰੂ ਬਣੇ ਅਤੇ ਉਨ੍ਹਾਂ ਦੀਆਂ ਰੂਹਾਨੀ ਸਿੱਖਿਆਵਾਂ ਨੇ ਉਹ ਨੀਂਹ ਰੱਖੀ ਜਿਸਦੇ ਅਧਾਰ ‘ਤੇ ਸਿੱਖ ਧਰਮ ਦਾ ਨਿਰਮਾਣ ਹੋਇਆ ਸੀ। ਇਕ ਧਾਰਮਿਕ ਅਵਿਸ਼ਕਾਰ ਮੰਨਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਿੱਖਿਆਵਾਂ ਫੈਲਾਉਣ ਲਈ ਦੱਖਣੀ ਏਸ਼ੀਆ ਅਤੇ ਮੱਧ ਪੂਰਬ ਦੀ ਯਾਤਰਾ ਕੀਤੀ। ਉਹਨਾਂ ਨੇ ਇਕ ਪਰਮਾਤਮਾ ਦੀ ਹੋਂਦ ਦੀ ਵਕਾਲਤ ਕੀਤੀ ਅਤੇ ਆਪਣੇ ਅਨੁਯਾਈਆਂ ਨੂੰ ਸਿਖਾਇਆ ਕਿ ਹਰ ਇਨਸਾਨ ਮੰਨਣ ਅਤੇ ਹੋਰ ਪਵਿੱਤਰ ਅਭਿਆਸਾਂ ਦੁਆਰਾ ਪ੍ਰਮਾਤਮਾ ਕੋਲ ਪਹੁੰਚ ਸਕਦਾ ਹੈ। ਦਿਲਚਸਪ ਗੱਲ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮੱਠਵਾਦ ਦਾ ਸਮਰਥਨ ਨਹੀਂ ਕੀਤਾ ਅਤੇ ਆਪਣੇ ਪੈਰੋਕਾਰਾਂ ਨੂੰ ਇਮਾਨਦ-ਾਰ ਘਰੇਲੂ ਜੀਵਨ ਜਿਉਣ ਲਈ ਕਿਹਾ। ਉਹਨਾਂ ਦੀਆਂ ਸਿੱਖਿਆਵਾਂ ਨੂੰ 974 ਭਜਨ ਦੇ ਰੂਪ ਵਿਚ ਅਮਰ ਕਰ ਦਿੱਤਾ ਗਿਆ, ਜੋ ਸਿੱਖ ਧਰਮ ਦੇ ਪਵਿੱਤਰ ਪਾਠ, ‘ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ,’ ਵਜੋਂ ਜਾਣੇ ਜਾਂਦੇ ਹਨ। 20 ਮਿਲੀਅਨ ਤੋਂ ਵੱਧ ਪੈਰੋਕਾਰਾਂ ਦੇ ਨਾਲ, ਸਿੱਖ ਧਰਮ ਭਾਰਤ ਵਿੱਚ ਇੱਕ ਮਹੱਤਵਪੂਰਨ ਧਰਮ ਹੈ। ਨਾਨਕ ਸਾਹਿਬ ਇੱਕ ਮੱਧ-ਸ਼੍ਰੇਣੀ ਹਿੰਦੂ ਪਰਿਵਾਰ ਵਿੱਚ ਪੈਦਾ ਹੋਏ ਸਨ, ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਉਨ੍ਹਾਂ ਦੇ ਮਾਪਿਆਂ, ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਦੁਆਰਾ ਕੀਤਾ ਗਿਆ ਸੀ। ਉਹਨਾਂ ਨੇ ਆਪਣਾ ਬਚਪਨ ਦਾ ਬਹੁਤ ਸਾਰਾ ਸਮਾਂ ਆਪਣੀ ਵੱਡੀ ਭੈਣ ਬੇਬੇ ਨਾਨਕੀ ਨਾਲ ਬਿਤਾਇਆ ਕਿਉਂਕਿ ਉਹ ਦਾ ਗੁਰੂ ਸਹਿਬ ਨਾਲ ਬਚਪਨ ਤੋਂ ਹੀ ਲਗਾਉ ਸੀ। ਗੁਰੂ ਨਾਨਕ ਸਾਹਿਬ ਨੇ ਆਪਣੀ ਸੂਝ ਅਤੇ ਬ੍ਰਹਮ ਵਿਸ਼ਿਆਂ ਪ੍ਰਤੀ ਆਪਣੀ ਰੁਚੀ ਨਾਲ ਕਈਆਂ ਨੂੰ ਹੈਰਾਨ ਕਰ ਦਿੱਤਾ। ਆਪਣੀ ‘ਉਪਨਯਾਨ’ ਰਸਮ ਲਈ, ਉਸ ਨੂੰ ਪਵਿੱਤਰ ਧਾਗਾ ਪਹਿਨਣ ਲਈ ਕਿਹਾ ਗਿਆ। ਪਰ ਗੁਰੂ ਨਾਨਕ ਸਾਹਿਬ ਨੇ ਧਾਗਾ ਪਹਿਨਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਜਦੋਂ ਪੁਜਾਰੀ ਨੇ ਉਹਨਾਂ ‘ਤੇ ਜ਼ੋਰ ਪਾਇਆ, ਤਾਂ ਇਕ ਜਵਾਨ ਨਾਨਕ ਨੇ ਇਕ ਧਾਗਾ ਪੁੱਛ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ, ਜਿਹੜਾ ਸ਼ਬਦ ਦੇ ਹਰ ਅਰਥ ਵਿਚ ਪਵਿੱਤਰ ਹੈ। ਉਹ ਚਾਹੁੰਦੇ ਸਨ ਕਿ ਧਾਗਾ ਰਹਿਮ ਅਤੇ ਸੰਤੁਸ਼ਟੀ ਦਾ ਬਣਿਆ ਹੋਵੇ, ਅਤੇ ਨਿਰੰਤਰਤਾ ਅਤੇ ਸੱਚ ਨੂੰ ਤਿੰਨਾਂ ਪਵਿੱਤਰ ਬੰਦਨਾਂ ਦਾ ਪ੍ਰਤੀਕ ਹੋਵੇ।

1475 ਵਿਚ, ਬਾਬੇ ਨਾਨਕ ਦੀ ਭੈਣ ਦਾ ਵਿਆਹ ਜੈ ਰਾਮ ਨਾਲ ਹੋ ਗਿਆ ਅਤੇ ਸੁਲਤਾਨਪੁਰ ਚਲੀ ਗਈ। ਗੁਰੂ ਨਾਨਕ ਸਾਹਿਬ ਕੁਝ ਦਿਨਾਂ ਲਈ ਆਪਣੀ ਭੈਣ ਨਾਲ ਰਹਿਣਾ ਚਾਹੁੰਦੇ ਸਨ। ਇਸ ਕਰਕੇ ਸੁਲਤਾਨਪੁਰ ਚਲੇ ਗਏ ਅਤੇ ਆਪਣੀ ਭੈਣ ਦੇ ਪਤੀ ਦੇ ਅਧੀਨ ਕੰਮ ਕਰਨਾ ਅਰੰਭ ਕਰ ਦਿੱਤਾ। ਸੁਲਤਾਨਪੁਰ ਵਿਚ ਠਹਿਰਨ ਵੇਲੇ, ਗੁਰੂ ਜੀ ਹਰ ਰੋਜ਼ ਸਵੇਰੇ ਨਦੀ ਵਿਚ ਨਹਾਉਣ ਅਤੇ ਮਨਨ ਕਰਨ ਲਈ ਜਾਂਦੇ ਸੀ। ਇਕ ਦਿਨ ਉਹ ਆਮ ਆਦਮੀ ਵਾਂਗ ਨਦੀ ‘ਤੇ ਗਏ, ਪਰ ਤਿੰਨ ਦਿਨ ਵਾਪਸ ਨਹੀਂ ਆਏ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਜੰਗਲ ਦੇ ਅੰਦਰ ਡੂੰਘੇ ਚਲੇ ਗਏ ਅਤੇ ਤਿੰਨ ਦਿਨ ਉਥੇ ਰਹੇ। ਜਦੋਂ ਉਹ ਵਾਪਸ ਪਰਤੇ ਤਾਂ ਕੋਈ ਸ਼ਬਦ ਨਹੀਂ ਬੋਲਿਆ ਮੋਨ ਸਨ। ਜਦੋਂ ਅਖੀਰ ਵਿੱਚ ਉਹਨਾਂ ਨੇ ਕੁਝ ਬੋਲਿਆ, ਇਹ ਹੀ ਕਿਹਾ ”ਇੱਥੇ ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ ਹੈ।” ਇਹ ਸ਼ਬਦ ਉਹਨਾਂ ਦੀਆਂ ਸਿੱਖਿਆਵਾਂ ਦੀ ਸ਼ੁਰੂਆਤ ਸਨ ਜੋ ਇੱਕ ਨਵੇਂ ਧਰਮ ਦੇ ਗਠਨ ਦੇ ਸਿੱਟੇ ਵਜੋਂ ਆਉਂਦੀਆਂ ਹਨ। ਉਸ ਸਮੇਂ ਗੁਰੂ ਜੀ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਜਾਣੇ ਜਾਂਦੇ ਸਨ ਕਿਉਂਕਿ ਉਹ ਆਪਣੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਲਈ ਦੂਰੋਂ-ਦੂਰੋਂ ਯਾਤਰਾ ਕਰਦੇ ਸਨ। ਉਹਨਾਂ ਨੇ ਆਪਣੀ ਸਿੱਖਿਆਵਾਂ ਰਾਹੀਂ ਸਿੱਖ ਧਰਮ ਦੀ ਸਥਾਪਨਾ ਕੀਤੀ ਜੋ ਕਿ ਸਭ ਤੋਂ ਛੋਟੇ ਧਰਮਾਂ ਵਿੱਚੋਂ ਇੱਕ ਹੈ। ਧਰਮ ਮੱਠਵਾਦ ਨੂੰ ਅਪਨਾਏ ਬਗੈਰ ਆਤਮਕ ਜੀਵਨ ਜਿਉਣ ਦੀ ਮਹੱਤਤਾ ‘ਤੇ ਜ਼ੋਰ ਦਿੰਦਾ ਹੈ। ਇਹ ਆਪਣੇ ਪੈਰੋਕਾਰਾਂ ਨੂੰ ਆਮ ਮਨੁੱਖੀ ਗੁਣਾਂ ਦੇ ਚੁੰਗਲ ਤੋਂ ਬਚਣਾ ਸਿਖਾਉਂਦਾ ਹੈ। ਜਿਵੇਂ ਵਾਸਨਾ, ਕ੍ਰੋਧ, ਲੋਭ, ਮੋਹ ਅਤੇ ਹੰਕਾਰੀ (ਸਮੂਹਕ ਤੌਰ ‘ਤੇ ”ਪੰਜ ਚੋਰ” ਵਜੋਂ ਜਾਣੇ ਜਾਂਦੇ ਹਨ। ਸਿੱਖ ਧਰਮ ਇੱਕ ਏਕਾਧਿਕਾਰਵਾਦੀ ਧਰਮ ਹੈ, ਜਿਹੜਾ ਮੰਨਦਾ ਹੈ ਕਿ ਪ੍ਰਮਾਤਮਾ ਨਿਰੰਕਾਰ, ਅਕਾਲ ਰਹਿਤ ਅਤੇ ਅਦਿੱਖ ਹੈ। ਇਹ ਦੁਨਿਆਵੀ ਭਰਮ (ਮਾਇਆ), ਕਰਮ ਅਤੇ ਮੁਕਤੀ ਦੀਆਂ ਧਾਰਨਾਵਾਂ ਵੀ ਸਿਖਾਉਂਦਾ ਹੈ। ਸਿੱਖ ਧਰਮ ਦੇ ਕੁਝ ਪ੍ਰਮੁੱਖ ਅਭਿਆਸ ਸਿਮਰਨ ਅਤੇ ਗੁਰਬਾਣੀ ਦਾ ਪਾਠ, ਗੁਰੂਆਂ ਦੁਆਰਾ ਰਚਿਤ ਬਾਣੀ ਹਨ। ਧਰਮ ਨਿਆਂ ਅਤੇ ਬਰਾਬਰੀ ਦੀ ਵਕਾਲਤ ਕਰਦਾ ਹੈ ਅਤੇ ਆਪਣੇ ਪੈਰੋਕਾਰਾਂ ਨੂੰ ਮਨੁੱਖਤਾ ਦੀ ਸੇਵਾ ਕਰਨ ਦੀ ਅਪੀਲ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਿਖਾਇਆ ਕਿ ਹਰ ਮਨੁੱਖ ਆਤਮਕ ਸੰਪੂਰਨਤਾ ਪ੍ਰਾਪਤ ਕਰਨ ਦੇ ਸਮਰੱਥ ਹੈ ਜੋ ਆਖਰਕਾਰ ਉਹਨਾਂ ਨੂੰ ਪ੍ਰਮਾਤਮਾ ਵੱਲ ਲੈ ਜਾਂਦਾ ਹੈ। ਉਹਨਾਂ ਨੇ ਇਹ ਵੀ ਕਿਹਾ ਕਿ ਪ੍ਰਮਾਤਮਾ ਤੱਕ ਸਿੱਧੀ ਪਹੁੰਚ ਲਈ ਰਸਮਾਂ ਅਤੇ ਪੁਜਾਰੀਆਂ ਦੀ ਲੋੜ ਨਹੀਂ ਹੁੰਦੀ।



ਆਪਣੀਆਂ ਸਿੱਖਿਆਵਾਂ ਵਿੱਚ, ਗੁਰੂ ਨਾਨਕ ਦੇਵ ਜੀ ਨੇ ਜ਼ੋਰ ਦਿੱਤਾ ਕਿ ਪ੍ਰਮਾਤਮਾ ਨੇ ਬਹੁਤ ਸਾਰੀਆਂ ਦੁਨੀਆ ਰਚੀਆਂ ਹਨ ਅਤੇ ਜੀਵਨ ਵੀ ਬਣਾਇਆ ਹੈ। ਪ੍ਰਮਾਤਮਾ ਦੀ ਹਜ਼ੂਰੀ ਨੂੰ ਮਹਿਸੂਸ ਕਰਨ ਲਈ, ਗੁਰੂ ਨਾਨਕ ਦੇਵ ਜੀ ਨੇ ਆਪਣੇ ਪੈਰੋਕਾਰਾਂ ਨੂੰ ਪ੍ਰਮਾਤਮਾ ਦਾ ਨਾਮ ਦੁਹਰਾਉਣ ਲਈ ਕਿਹਾ (ਨਾਮ ਜਪਣਾ)। ਉਹਨਾਂ ਨੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਦੂਜਿਆਂ ਦੀ ਸੇਵਾ ਕਰਕੇ ਅਤੇ ਸ਼ੋਸ਼ਣ ਜਾਂ ਧੋਖਾਧੜੀ ਵਿੱਚ ਉਲਝੇ ਬਿਨਾਂ ਇੱਕ ਇਮਾਨਦਾਰ ਜ਼ਿੰਦਗੀ ਜੀਣ ਦੁਆਰਾ ਇੱਕ ਆਤਮਕ ਜੀਵਨ ਜੀਉਣ ਦੀ ਅਪੀਲ ਦੇ ਵਚਨ ਕੀਤੇ। ਗੁਰੂ ਨਾਨਕ ਦੇਵ ਜੀ ਪ੍ਰਮਾਤਮਾ ਦੇ ਸੰਦੇਸ਼ ਨੂੰ ਫੈਲਾਉਣ ਲਈ ਦ੍ਰਿੜ ਸਨ। ਉਹ ਮਨੁੱਖਤਾ ਦੀ ਦੁਰਦਸ਼ਾ ਤੋਂ ਦੁਖੀ ਸਨ ਕਿਉਂਕਿ ਵਿਸ਼ਵ ਕਲਯੁਗ ਦੀ ਬੁਰਾਈ ਦਾ ਤੇਜ਼ੀ ਨਾਲ ਸ਼ਿਕਾਰ ਹੋ ਰਿਹਾ ਸੀ। ਇਸ ਲਈ, ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਜਾਗਰੂਕ ਕਰਨ ਲਈ ਉਪਮਹਾਦੀਪ ਦੀ ਯਾਤਰਾ ਕਰਨ ਦਾ ਫੈਸਲਾ ਕੀਤਾ। ਕਿਹਾ ਜਾਂਦਾ ਹੈ ਕਿ ਉਹਨਾਂ ਨੇ ਆਪਣੇ ਜੀਵਨ ਕਾਲ ਵਿਚ ਪੰਜ ਯਾਤਰਾਵਾਂ (ਉਦਾਸੀਆਂ) ਕੀਤੀਆਂ। ਆਪਣੀ ਪਹਿਲੀ ਯਾਤਰਾ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ, ਮੰਨਿ-ਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਉਨ੍ਹਾਂ ਦੇ ਯਾਤਰਾ ਦੀ ਮਹੱਤਤਾ ਬਾਰੇ ਉਨ੍ਹਾਂ ਨੂੰ ਦੱਸਣ ਲਈ ਉਨ੍ਹਾਂ ਦੇ ਮਾਪਿਆਂ ਨਾਲ ਗਏ ਸਨ। ਆਪਣੀ ਪਹਿਲੀ ਯਾਤਰਾ ਦੌਰਾਨ, ਗੁਰੂ ਨਾਨਕ ਦੇਵ ਜੀ ਨੇ ਅੱਜ ਦੇ ਭਾਰਤ ਅਤੇ ਪਾਕਿਸਤਾਨ ਦੇ ਬਹੁਤ ਸਾਰੇ ਹਿੱਸੇ ਕਵਰ ਕੀਤੇ, ਜਿਸ ਧ੍ਰਤੀ ਤੇ ਅੱਜ ਅਸੀਂ ਉਹਨਾਂ ਦੇ 550 ਗੁਰਪੂਰਬ ਮਨਾਉਣ ਦੀ ਖੁਸ਼ੀ ਮਨਾ ਰਹੇ ਹਾਂ ਤੇ ਦੋ ਦੇਸ਼ਾਂ ਦੀਆਂ ਦੂਰੀਆਂ ਨੂੰ ਫਿਰ ਤੋਂ ਖਤਮ ਕਰਨ ਦੇ ਯਤਨ ਕਰਕੇ ਮਨਾਂ ਦੀ ਦਵੈਸ਼ ਨੂੰ ਮਿਟਾ ਕੇ ਪਾਸ ਆ ਰਹੇ ਹਾਂ । ਜਿਸ ਦਾ ਸਿਹਰਾ ਨਵਜੋਤ ਸਿੰਘ ਸਿੱਧੂ ਅਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਜਾਂਦਾ ਹੈ। ਇਹ ਉਹ ਯਾਤਰਾ ਸੀ ਜੋ ਸੱਤ ਸਾਲਾਂ ਤੱਕ ਚੱਲੀ ਅਤੇ ਮੰਨਿਆ ਜਾਂਦਾ ਹੈ ਕਿ ਇਹ 1500 ਅਤੇ 1507 ਈ. ਦੇ ਵਿਚਕਾਰ ਹੋਈ ਸੀ। ਆਪਣੀ ਦੂਸਰੀ ਯਾਤਰਾ ਵਿਚ, ਗੁਰੂ ਨਾਨਕ ਦੇਵ ਜੀ ਅਜੋਕੇ ਸ੍ਰੀਲੰਕਾ ਦੇ ਜ਼ਿਆਦਾਤਰ ਹਿੱਸਿਆਂ ਦਾ ਦੌਰਾ ਕੀਤਾ। ਇਹ ਯਾਤਰਾ ਵੀ ਤਕਰੀਬਨ ਸੱਤ ਸਾਲ ਚੱਲੀ।

ਆਪਣੀ ਤੀਜੀ ਯਾਤਰਾ ਵਿਚ, ਗੁਰੂ ਨਾਨਕ ਦੇਵ ਜੀ ਨੇ ਹਿਮਾਲਿਆ ਦੇ ਮੁਸ਼ਕਿਲ ਇਲਾਕਿਆਂ ਵਿਚੋਂ ਲੰਘੇ ਅਤੇ ਕਸ਼ਮੀਰ, ਨੇਪਾਲ, ਤਾਸ਼ਕੰਦ, ਤਿੱਬਤ ਅਤੇ ਸਿੱਕਮ ਵਰਗੀਆਂ ਥਾਵਾਂ ਨੂੰ ਭਾਗ ਲਾਏ। ਇਹ ਯਾਤਰਾ ਲਗਭਗ ਪੰਜ ਸਾਲ ਚੱਲੀ ਅਤੇ 1514 ਅਤੇ 1519 ਈ. ਦੇ ਵਿਚਕਾਰ ਹੋਈ। ਫਿਰ ਉਹਨਾਂ ਨੇ ਆਪਣੀ ਚੌਥੀ ਯਾਤਰਾ ਵਿਚ ਮੱਕਾ ਅਤੇ ਮੱਧ ਪੂਰਬ ਦੇ ਬਹੁਤ ਸਾਰੇ ਹਿੱਸਿਆਂ ਦੀ ਯਾਤਰਾ ਕੀਤੀ। ਇਹ ਤਕਰੀਬਨ ਤਿੰਨ ਸਾਲ ਚੱਲੀ। ਆਪਣੀ ਪੰਜਵੀਂ ਅਤੇ ਅੰਤਮ ਯਾਤਰਾ, ਜੋ ਦੋ ਸਾਲਾਂ ਤੱਕ ਚੱਲੀ, ਵਿਚ ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੇ ਖੇਤਰ ਵਿਚ ਸੰਦੇਸ਼ ਫੈਲਾਉਣ ‘ਤੇ ਧਿਆਨ ਕੇਂਦਰਿਤ ਕੀਤਾ। ਉਹ ਆਪਣੀਆਂ ਬਹੁਤੀਆਂ ਯਾਤਰਾਵਾਂ ਵਿਚ ਭਾਈ ਮਰਦਾਨਾ ਦੇ ਨਾਲ ਸੀ. ਹਾਲਾਂਕਿ ਵਿਦਵਾਨਾਂ ਦੁਆਰਾ ਇਹਨਾਂ ਯਾਤਰਾਵਾਂ ਦੀ ਪ੍ਰਮਾਣਿਕਤਾ ਨੂੰ ਚੁਣੌਤੀ ਦਿੱਤੀ ਗਈ ਹੈ, ਇਹ ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ 24 ਸਾਲ ਆਪਣੀ ਯਾਤਰਾ ਵਿੱਚ ਬਿਤਾਏ, ਜੋ ਕੇ ਤਕਰੀਬਨ 28,000 ਕਿਲੋਮੀਟਰ ਦੀ ਪੈਦਲ ਬਣਦੀ ਹੈ। ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਉਸ ਸਮੇਂ ਆਇਆ ਜਦੋਂ ਵੱਖ ਵੱਖ ਧਰਮਾਂ ਵਿਚ ਆਪਸ ਵਿਚ ਮਤਭੇਦ ਸਨ। ਮਨੁੱਖਤਾ ਹੰਕਾਰ ਅਤੇ ਹਉਮੈ ਦੇ ਨਸ਼ੇ ਵਿਚ ਇੰਨੀ ਸੀ ਕਿ ਲੋਕਾਂ ਨੇ ਰੱਬ ਅਤੇ ਧਰਮ ਦੇ ਨਾਮ ‘ਤੇ ਇਕ ਦੂਸਰੇ ਵਿਰੁੱਧ ਲੜਨਾ ਸ਼ੁਰੂ ਕਰ ਦਿੱਤਾ ਸੀ। ਇਸ ਲਈ, ਗੁਰੂ ਨਾਨਕ ਦੇਵ ਜੀ ਨੇ ਆਪਣੀ ਸਿੱਖਿਆ ਦੀ ਸ਼ੁਰੂਆਤ ਇਹ ਕਹਿ ਕੇ ਕੀਤੀ ਕਿ ਇੱਥੇ ਕੋਈ ਹਿੰਦੂ ਨਹੀਂ ਅਤੇ ਨਾ ਹੀ ਮੁਸਲਮਾਨ ਹਨ। ਇਹ ਇਸ ਤੱਥ ਦਾ ਸੰਕੇਤ ਕਰਦਾ ਹੈ ਕਿ ਪ੍ਰਮਾਤਮਾ ਇੱਕ ਹੈ ਅਤੇ ਉਹ ਸਿਰਫ ਵੱਖੋ ਵੱਖਰੇ ਧਰਮਾਂ ਦੁਆਰਾ ਵੱਖਰੇ ਤੌਰ ‘ਤੇ ਵੇਖਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ, ਭਾਵੇਂ ਉਦੇਸ਼ ਨਹੀਂ ਸਨ, ਨੇ ਕੁਝ ਹੱਦ ਤੱਕ ਹਿੰਦੂਆਂ ਅਤੇ ਮੁਸਲਮਾਨਾਂ ਦੀ ਏਕਤਾ ਵਿੱਚ ਯੋਗਦਾਨ ਪਾਇਆ, ਉਹਨਾਂ ਨੇ ਮਨੁੱਖਤਾ ਦੀ ਬਰਾਬਰੀ ਦੀ ਮਹੱਤਤਾ ਉੱਤੇ ਵੀ ਜ਼ੋਰ ਦਿੱਤਾ। ਉਹਨਾਂ ਨੇ ਗੁਲਾਮੀ ਅਤੇ ਨਸਲੀ ਵਿਤਕਰੇ ਦੀ ਨਿੰਦਾ ਕਰਦਿਆਂ ਕਿਹਾ ਕਿ ਸਾਰੇ ਬਰਾਬਰ ਹਨ।

ਗੁਰੂ ਨਾਨਕ ਦੇਵ ਜੀ ਇਕ ਸਭ ਤੋਂ ਮਹੱਤਵਪੂਰਣ ਧਾਰਮਿਕ ਸ਼ਖਸੀਅਤ ਹਨ ਜਿਨ੍ਹਾਂ ਨੇ ਭਾਰਤ ਵਿਚ ਸਭ ਨੂੰ ਇਕ ਜੁਟ ਹੋਣ ਵਿਚ ਯੋਗਦਾਨ ਪਾਇਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਪੈਰੋਕਾਰਾਂ ਨੂੰ ਹਰ ਧਰਮ ਅਤੇ ਹਰ ਇਨਸਾਨ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਬਰਾਬਰ ਸਮਝਣ ਦੀ ਅਪੀਲ ਕੀਤੀ। ਉਹਨਾਂ ਨੇ ਇਹ ਕਹਿ ਕੇ ਰੱਬ ਵਿਚ ਨਿਹਚਾ ਵੀ ਬਹਾਲ ਕੀਤੀ ਕਿ ਸਿਰਜਣਹਾਰ ਧਰਤੀ ਉੱਤੇ ਜੋ ਕੁਝ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਉਸ ਵਿਚ ਡੂੰਘਾ ਹਿੱਸਾ ਹੈ। ਹਾਲਾਂਕਿ ਹਿੰਦੂ ਧਰਮ ਅਤੇ ਬੁੱਧ ਧਰਮ ਦੇ ਸੰਪਰਦਾਵਾਂ ਸਮੇਤ ਬਹੁਤੇ ਪ੍ਰਮੁੱਖ ਧਰਮਾਂ ਨੇ ਮੁਕਤੀ ਪ੍ਰਾਪਤ ਕਰਨ ਲਈ ਮੱਠ ਧਰਮ ਦੀ ਵਕਾਲਤ ਕੀਤੀ, ਗੁਰੂ ਨਾਨਕ ਦੇਵ ਜੀ ਇਕ ਧਰਮ ਲੈ ਕੇ ਆਏ ਜੋ ਇਕ ਘਰੇਲੂ ਜੀਵਨ-ਸ਼ੈਲੀ ਦਾ ਸਮਰਥਨ ਕਰਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਉਹਨਾਂ ਨੇ ਆਪਣੇ ਪੈਰੋਕਾਰਾਂ ਨੂੰ ਸਮਾਜ ਦੇ ਅੰਦਰ ਆਮ ਜੀਵਨ ਦੌਰਾਨ ਮੁਕਤੀ ਪ੍ਰਾਪਤ ਕਰਨ ਦੇ ਤਰੀਕਿਆਂ ਬਾਰੇ ਵੀ ਸਿਖਾਇਆ। ਉਹਨਾਂ ਨਾ ਸਿਰਫ ਆਪਣੇ ਆਦਰਸ਼ਾਂ ਨੂੰ ਸਿਖਾਇਆ, ਬਲਕਿ ਇੱਕ ਜੀਵਤ ਉਦਾਹਰਣ ਵਜੋਂ ਵੀ ਸੇਵਾ ਕੀਤੀ। ਜਦੋਂ ਗੁਰੂ ਨਾਨਕ ਦੇਵ ਤੋਂ ਬਾਅਦ ਨੌਂ ਗੁਰੂਆਂ ਨੇ ਉਨ੍ਹਾਂ ਦੀਆਂ ਸਿੱਖਿਆਵਾਂ ਦਾ ਪਾਲਣ ਕੀਤਾ ਅਤੇ ਆਪਣੇ ਸੰਦੇਸ਼ ਨੂੰ ਜਾਰੀ ਰੱਖਣਾ ਜਾਰੀ ਰੱਖਿਆ। ਆਪਣੀਆਂ ਸਿੱਖਿਆਵਾਂ ਦੁਆਰਾ, ਗੁਰੂ ਨਾਨਕ ਹਿੰਦੂਆਂ ਅਤੇ ਮੁਸਲਮਾਨ ਦੋਵਾਂ ਵਿੱਚ ਬਹੁਤ ਮਕਬੂਲ ਹੋਏ ਸਨ, ਉਹਨਾਂ ਦੇ ਆਦਰਸ਼ ਅਜਿਹੇ ਸਨ ਕਿ ਦੋਵਾਂ ਭਾਈਚਾਰਿਆਂ ਨੇ ਇਸ ਨੂੰ ਆਦਰਸ਼ ਪਾਇਆ। ਉਨ੍ਹਾਂ ਦੋਵਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਇਕ ਹੋਣ ਦਾ ਅਤੇ ਮਸੀਹਾ ਕਹਿਣ ਦਾ ਦਾਅਵਾ ਕੀਤਾ।

# ਫਿਰਕਾਪ੍ਰਸਤੀ- ਵੱਧਦਾ ਸਮਾਜਿਕ ਪਾੜਾ

ਸਾਡਾ ਦੇਸ਼ ਪੂਰੀ ਦੁਨੀਆ ਚ ਅਪਵਾਦ ਏ, ਜਿੱਥੇ ਆਧੁਨਿਕਤਾ ਤੇ ਸੰਚਾਰ ਕ੍ਰਾਂਤੀ ਤੋਂ ਬਾਅਦ, ਧਾਰਮਿਕ ਕੱਟੜਵਾਦ ਤੇ ਫਿਰਕਾਪ੍ਰਸਤੀ ਕਾਰਨ ਆਪਸੀ ਸਮਾਜਿਕ ਪਾੜਾ ਘੱਟਣ ਦੀ ਥਾਂ, ਵੱਧਿਆ ਏ, ਸਾਡੇ ਦੇਸ਼ ਚ ਚੋਣਾਂ ਦੇ ਸਮੇਂ ਇਕਦਮ ਈ, ਫਿਰਕੂ ਹਾਲਾਤ ਬਦਲ ਜਾਂਦੇ ਨੇਂ। ਦੇਸ਼ ਚ ਹਰੇਕ ਧਰਮ, ਖੇਤਰ ਤੇ ਜਾਤੀ ਚ ਫਿਰਕਾਪ੍ਰਸਤੀ ਚ ਵਾਧਾ ਹੋਇਆ ਹੈ, ਸਾਡਾ ਸੂਬਾ ਪੰਜਾਬ ਵੀ ਧਾਰਮਿਕ ਕੱਟੜਵਾਦ ਤੇ ਫਿਰਕਾਪ੍ਰਸਤੀ ਵੱਲ ਲਗਾਤਾਰ ਵੱਧਦਾ ਜਾਂਦਾ ਪ੍ਰਤੀਤ ਹੋ ਰਿਹਾ ਏ। ਪਿਛਲੇ ਕੁਝ ਕੁ ਸਾਲਾਂ ਚ, ਵੱਡੀਆਂ ਤੇ ਖੇਤਰੀ ਰਾਜਨੀਤਕ ਪਾਰਟੀਆਂ ਦੇ ਨਿੱਜੀ ਹਿੱਤ, ਦੇਸ਼ਵਿਰੋਧੀ ਤਾਕਤਾਂ ਦੇ ਗੁਪਤ ਏਜੰਡੇ, ਪੱਖਪਾਤੀ ਮੀਡੀਆ, ਨੌਜਵਾਨ ਵਰਗ ਦੀ ਨਿਰਪੱਖ ਤੇ ਸੱਚੇ ਸਾਹਿਤ ਤੋਂ ਦੂਰੀ, ਵੋਟਬੈਂਕ ਦੀ ਘਟੀਆ ਰਾਜਨੀਤੀ, ਵੱਖਵਾਦੀਆਂ ਦੇ ਮਨਘੜ੍ਹਤ ਪ੍ਰਚਾਰ ਤੇ ਉਪਰੋਂ ਸੋਸ਼ਲ ਮੀਡੀਆ ਦੇ ਤੜਕੇ ਕਾਰਨ ਸਮਾਜਿਕ ਦੂਰੀ ਚ ਵਾਧਾ ਹੋਇਆ ਏ। ਇੰਨਾਂ ਤਾਕਤਾਂ ਦੇ ਜਾਲ ਚ ਆਏ ਲੋਕ, ਫੇਸਬੁੱਕ, ਵਟਸਐਪ ਤੇ ਯੂ ਟਿਊਬ ਰਾਹੀਂ ਪ੍ਰਾਪਤ ਤੱਥਹੀਣ-ਅਰਥਹੀਣ ਝੂਠੇ ਅਖੌਤੀ ਗਿਆਨ ਨੂੰ, ਹਨੇਰੀ ਵਾਂਗ ਫੈਲਾ ਕੇ, ਆਪਣੇ ਆਪ ਨੂੰ ਸਕੋਲਰ ਸਿੱਧ ਕਰਨ ਹਿੱਤ, ਆਪਸੀ ਭਾਈਚਾਰਕ ਸਾਂਝ ਨੂੰ ਖਤਮ ਕਰਨ ਚ, ਸਿੱਧਾ-ਅਸਿੱਧਾ ਯੋਗਦਾਨ ਪਾ ਰਹੇ ਹਨ। ਸਾਡਾ ਦੇਸ਼ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਪਰ ਇੱਥੇ ਚੋਣਾਂ ਜਿੱਤਣ ਦਾ ਰਸਤਾ ਵਿਕਾਸ ਦੀ ਥਾਂ, ਧਾਰਮਿਕ ਸਥਾਨਾਂ ਤੋਂ ਨਿਕਲਦਾ ਏ, ਸਾਡੇ ਦੇਸ਼ ਦੀ ਕਿਸੇ ਵੀ ਰਾਜਨੀਤਕ ਪਾਰਟੀ ਨੂੰ, ਧਰਮ ਦੀ ਰਾਜਨੀਤੀ ਤੋਂ ਅਛੂਤੀ ਨਹੀਂ ਕਿਹਾ ਜਾ ਸਕਦਾ। ਇਸ ਸਮੇਂ ਦੇਸ਼ ਚ ਕਈ ਪ੍ਰਦੇਸ਼ਾਂ ਦੀਆਂ ਚੋਣਾਂ ਸਿਰ ਤੇ ਹਨ ਤਾਂ ਨਫਰਤ ਦਾ ਮਾਹੌਲ ਭੱਖਦਾ ਜਾ ਰਿਹਾ ਏ, ਜਿੱਥੇ ਰਾਸ਼ਟਰੀ ਪਾਰਟੀਆਂ ਦੇ ਵੱਡੇ ਲੀਡਰ ਇਸ ਸਮੇਂ ਆਪਣੀਆਂ ਵਿਵਾਦਤ ਕਿਤਾਬਾਂ ਤੇ ਸੰਪਰਦਾਇਕ ਬਿਆਨਾਂ ਰਾਹੀਂ, ਫਿਰਕਾਪ੍ਰਸਤੀ ਦੀ ਚੰਗਿਆੜੀ ਨੂੰ ਅੱਗ ਚ ਬਦਲ ਰਹੇ ਨੇਂ, ਉਥੇ ਹੀ ਮੀਡੀਆ ਵੀ ਆਪਣੇ ਪੱਖਪਾਤੀ ਰਵੱਈਏ ਕਾਰਨ, ਆਪਣੀ ਸਾਖ ਲਗਾਤਾਰ ਗਿਰਾ ਰਿਹਾ ਹੈ। ਸੱਤਾ ਪ੍ਰਾਪਤੀ ਲਈ, ਆਪਸੀ ਨਫਰਤ ਵਧਾਉਣ ਦਾ ਕੰਮ, ਵੱਡੇ ਰਾਜਨੀਤਕ ਦਲ, ਆਪਣੇ ਆਈ ਟੀ ਸੈਲਾਂ ਤੇ ਹੋਰ ਮੀਡੀਆ ਅਦਾਰਿਆਂ ਰਾਹੀਂ, ਲਗਾਤਾਰ ਪ੍ਰਾਯੋਜਿਤ ਤੇ ਇਕ ਪਾਸੜ ਖਬਰਾਂ ਦਿਖਾ ਕੇ, ਆਮ ਲੋਕਾਂ ਨੂੰ ਭੜਕਾਉਣ ਦਾ ਅਪਵਿੱਤਰ ਕਾਰਜ, ਬੇਸ਼ਰਮੀ ਨਾਲ ਨੇਪਰੇ ਚਾੜਦੇ ਹਨ, ਜਿਸ ਕਾਰਨ ਆਮ ਲੋਕ ਰਾਜਨੀਤਕ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਕੇ ਆਪਸੀ ਵੰਡੀਆਂ ਪਾ ਲੈਂਦੇ ਨੇਂ। ਸਾਡੇ ਦੇਸ਼ ਚ ਇਕ ਹੋਰ ਵੀ ਬਹੁਤ ਵੱਡੀ ਸਮੱਸਿਆ ਏ, ਇੱਥੇ ਧਰਮ-ਨਿਰਪੱਖ ਅਖਵਾਉਣ ਲਈ, ਤੁਹਾਨੂੰ ਕਿਸੇ ਧਰਮ ਵਿਸ਼ੇਸ਼ ਪ੍ਰਤਿ ਸੋਫਟ ਕਾਰਨਰ ਰੱਖਣਾ ਜਰੂਰੀ ਏ, ਨਹੀਂ ਤਾਂ ਤੁਹਾਡੇ ਤੇ ਕਿਸੇ ਧਰਮ ਵਿਸ਼ੇਸ਼ ਦੇ ਧਾਰਮਿਕ ਸੰਗਠਨ ਦੇ, ਕਾਰਜਕਰਤਾ ਹੋਣ ਦਾ ਦੋਸ਼ ਤੁਰੰਤ ਈ ਮੜ੍ਹ ਦਿੱਤਾ ਜਾਵੇਗਾ। ਸਾਡੇ ਦੇਸ਼ ਚ ਜਿੱਥੇ ਸੰਪਰਦਾਇਕਤਾ ਹਰੇਕ ਰਾਜਨੀਤਕ ਪਾਰਟੀ ਦਾ ਸ਼ਿੰਗਾਰ ਏ, ਉਥੇ ਹੀ ਜਿਆਦਾਤਰ ਬੁਧੀਜੀਵੀ ਵਰਗ ਵੀ ਆਪਣੀ ਨਿਜੀ ਪਸੰਦ ਅਨੁਸਾਰ ਹਰੇਕ ਘਟਨਾ ਤੇ ਆਪਣਾ ਸਿਲੈਕਟਿਵ ਪ੍ਰਤੀਕਰਮ ਦਿੰਦੇ ਹਨ, ਕੁਝ ਕੁ ਅਖੌਤੀ ਬੁੱਧੀਜੀਵੀ ਤਾਂ ਰਾਜਨੀਤਕ ਪਾਰਟੀਆਂ ਦਾ ਵਿਰੋਧ ਕਰਨ ਦੀ ਥਾਂ ਦੇਸ਼ ਦਾ ਵਿਰੋਧ ਕਰਨ ਤੀਕ ਜਾ ਰਹੇ ਨੇਂ, ਤਾਂ ਜੋ ਉਹਨਾਂ ਦੀ ਵੱਧ ਤੋਂ ਵੱਧ ਮਸ਼ਹੂਰੀ ਹੋਵੇ। ਪਿੱਛੇ ਜਿਹੇ ਸਾਡੇ ਦੇਸ਼ ਦੀ ਕ੍ਰਿਕਟ ਟੀਮ ਦੇ ਪਾਕਿਸਤਾਨ ਨਾਲ ਹੋਏ ਮੈਚ ਚ, ਪਾਕਿਸਤਾਨ ਦੀ ਟੀਮ ਨੇਂ ਸ਼ਾਨਦਾਰ ਖੇਡ ਰਾਹੀਂ ਭਾਰਤ ਤੇ ਜਿੱਤ ਹਾਸਲ ਕੀਤੀ ਪਰ ਦੇਸ਼ ਚ ਕੁਝ ਕੁ ਘਟੀਆ ਲੋਕ, ਜਿੱਥੇ ਭਾਰਤ ਦੇ ਮਹਾਨ ਤੇਜ ਗੇਂਦਬਾਜ ਮੋਹੰਮਦ ਸ਼ੰਮੀ ਨੂੰ ਟਰੋਲ ਕਰਨ ਲੱਗ ਪਏ, ਉਥੇ ਹੀ ਦੇਸ਼ ਚ ਕੁਝ ਕੁ ਫਿਰਕੂ ਸੋਚ ਦੇ ਲੋਕਾਂ ਨੇਂ, ਪਾਕਿਸਤਾਨ ਦੀ ਜਿੱਤ ਤੇ ਪਟਾਕੇ-ਆਤਿਸ਼ਬਾਜੀ ਚਲਾ ਕੇ, ਸ਼ਰਮਨਾਕ ਦੇਸ਼ ਵਿਰੋਧੀ ਕਾਰਜ ਕਰਦਿਆਂ, ਫਿਰਕਾਪਰਸਤੀ ਦੇ ਬੂਟੇ ਨੂੰ ਪਾਣੀ ਦੇਣ ਦਾ ਕੰਮ ਕੀਤਾ ਹੈ।

ਅੱਜ ਕੱਲ੍ਹ ਆਪਣੇ ਆਪ ਨੂੰ ਬੁੱਧੀਜੀਵੀ ਜਾਂ ਗਿਆਨੀ ਸਾਬਤ ਕਰਨ ਲਈ ਪੜ੍ਹੇ-ਲਿਖੇ ਲੋਕ ਵੀ ਜਾਣਬੁੱਝ ਕੇ, ਸਨਸਨੀ ਫੈਲਾਉਣ ਲਈ, ਝੂਠ ਫੈਲਾਉਣ ਦਾ ਕੰਮ ਕਰਦੇ ਨੇਂ। ਲੋਕ ਇਸ ਕਦਰ ਵੰਡੇ ਜਾ ਚੁੱਕੇ ਹਨ ਕਿ ਕਈ ਲੋਕਾਂ ਨੂੰ ਸਰਕਾਰ ਦਾ ਹਰੇਕ ਕੰਮ, ਚੰਗਾ ਲੱਗਣ ਲਈ ਈ ਚੰਗਾ ਲੱਗ ਰਿਹਾ ਏ, ਉੱਥੇ ਹੀ ਵਿਰੋਧੀ ਵਿਚਾਰਧਾਰਾ ਤੋਂ ਸੰਬੰਧਤ ਲੋਕ, ਸਰਕਾਰ ਵੱਲੋਂ ਕੀਤੇ ਬੇਹਤਰੀਨ ਕੰਮਾਂ ਨੂੰ ਵੀ ਲੋਕਵਿਰੋਧੀ ਸਿੱਧ ਕਰਨ ਹਿੱਤ ਕੋਝੀਆਂ ਚਾਲਾਂ ਚੱਲਣ ਤੋਂ ਬਾਜ ਨਹੀਂ ਆਉਂਦੇ। ਆਈ ਟੀ ਸੈਲ ਤੇ ਮੀਡੀਆ, ਜਿਸ ਤਰਾਂ ਨਾਲ ਵੱਖ-ਵੱਖ ਧੜਿਆਂ ਚ ਵੰਡਿਆ ਹੋਇਆ ਏ, ਉਹ ਇੱਕ ਖੁੱਲਾ ਭੇਦ ਏ, ਜੋ ਕਿਸੇ ਤੋਂ ਵੀ ਨੀਂ ਲੁਕਿਆ ਹੈ।

ਦੇਸ਼ ਦੇ ਵੱਡੇ-ਵੱਡੇ ਰਾਜਨੀਤਕ ਦਲ ਤੇ ਵੱਡੇ-ਵੱਡੇ ਨੇਤਾ ਸ਼ਰੇਆਮ, ਆਪਣੇ-ਆਪਣੇ ਧਰਮ ਨੂੰ, ਦੂਜੇ ਧਰਮਾਂ ਤੋਂ ਖਤਰਾ ਦੱਸਦਿਆਂ, ਖੁਲ੍ਹ ਕੇ ਧਰਮ ਦੇ ਨਾਂ ਤੇ ਵੋਟਾਂ ਤਾਂ ਬਟੋਰ ਜਾਂਦੇ ਨੇਂ ਪਰ ਇਸ ਪ੍ਰਚਾਰ ਕਾਰਨ, ਆਮ ਲੋਕਾਂ ਚ ਆਪਸੀ ਭਾਈਚਾਰੇ ਨੂੰ ਲਗਾਤਾਰ ਡੂੰਘਾ ਖੋਰਾ ਲੱਗ ਰਿਹਾ ਏ। ਸਾਡੇ ਪੰਜਾਬ ਚ ਆਪਸੀ ਧਾਰਮਿਕ ਸਦਭਾਵਨਾ ਪਿੱਛੇ ਜਿਹੇ ਤੱਕ ਇੰਨੀ ਮਜਬੂਤ ਸੀ ਕਿ ਇੱਕੋ ਘਰ ਚ, ਭਰਾਵਾਂ ਚੋਂ ਈ ਇੱਕ ਭਰਾ, ਦੂਜੇ ਧਰਮ ਦੀ ਪਾਲਣਾ ਕਰਦਾ ਸੀ ਤੇ ਉਸ ਧਰਮ ਦੀ ਰਵਾਇਤਾਂ ਅਨੁਸਾਰ ਈ, ਜੀਵਨ ਬਤੀਤ ਕਰਦਾ ਸੀ, ਉਦੋਂ ਸਾਡੇ ਹਿਰਦੇ ਰਾਜਨੀਤਕ ਪਾਰਟੀਆਂ ਦੀਆਂ ਚਾਲਾਂ ਨਾਲ ਜਾਂ ਚੋਣਵੇਂ ਮੌਕਿਆਂ ਤੇ ਨਹੀਂ ਵਲੂੰਧਰੇ ਜਾਂਦੇ ਸਨ, ਸਗੋਂ ਹਰੇਕ ਧਰਮ ਦੇ ਲੋਕ, ਦੂਜੇ ਧਰਮ ਦੇ ਧਾਰਮਿਕ ਸਥਾਨਾਂ, ਧਾਰਮਿਕ ਤਿਉਹਾਰਾਂ ਤੇ ਰਵਾਇਤਾਂ ਦੀ ਨਿੱਘੀ ਸ਼ਰਧਾ ਨਾਲ ਪਾਲਣਾ ਵੱਡੇ ਪੱਧਰ ਤੇ ਕਰਦੇ ਸਨ ਪਰ ਹੁਣ ਹਾਲਾਤ ਇਹ ਨੇਂ ਕਿ ਰਾਜਨੀਤਕ ਨੇਤਾਵਾਂ ਨੂੰ ਦੂਜੇ ਧਰਮ ਦੇ, ਧਾਰਮਿਕ ਅਸਥਾਨਾਂ ਤੇ ਜਾਣ ਕਰਕੇ ਸ਼ਰੇਆਮ ਟਰੋਲ ਕੀਤਾ ਜਾਂਦਾ ਏ, ਬਹੁਤ ਹੀ ਨਮੋਸ਼ੀ ਨਾਲ ਕਹਿਣਾ ਪੈ ਰਿਹਾ ਏ ਕਿ ਇਕ ਰਾਸ਼ਟਰੀ ਪਾਰਟੀ ਦੇ ਕਾਬਲ ਤੇ ਸੂਝਵਾਨ ਨੇਤਾ ਨੂੰ, ਸੂਬੇ ਦਾ ਮੁੱਖਮੰਤਰੀ ਬਣਾਉਣ ਤੋਂ, ਸਿਰਫ ਇਸ ਲਈ ਇਨਕਾਰ ਕਰ ਦਿਤਾ ਜਾਂਦਾ ਏ, ਕਿਉਂਕਿ ਉਹ ਸੂਬੇ ਦੇ ਬਹੁਸੰਖਿਅਕ ਧਰਮ ਵਿਸ਼ੇਸ਼ ਤੋਂ ਸੰਬੰਧਤ ਨਹੀਂ ਸੀ, ਇਸ ਤੋਂ ਵੀ ਵੱਡੀ ਨਮੋਸ਼ੀ ਦੀ ਗੱਲ ਇਹ ਏ ਕਿ ਸੰਬੰਧਤ ਪਾਰਟੀ ਵੱਲੋਂ, ਸੰਬੰਧਤ ਨੇਤਾ ਨੂੰ ਮੁੱਖ ਮੰਤਰੀ ਨਾਂ ਬਣਾਉਣ ਲਈ ਇਹੀ ਕਾਰਨ ਸਰਵਜਨਕ ਤੋਰ ਤੇ ਦੱਸਿਆ ਵੀ ਜਾਂਦਾ ਏ।

ਸਾਰੇ ਹੀ ਧਰਮ ਸਾਨੂੰ ਹਮੇਸ਼ਾ ਨੈਤਿਕਤਾ ਤੇ ਸੱਚ ਤੇ ਕਾਇਮ ਰਹਿਣ ਦੀ ਸੇਧ ਦਿੰਦੇ ਹਨ ਪਰ ਅਸੀਂ ਆਪਣੇ ਧਰਮ ਨੂੰ ਦੂਜੇ ਤੋਂ ਉੱਤਮ ਸਿੱਧ ਕਰਨ ਦੀ ਬੇਤੁੱਕੀ ਦੌੜ ਚ ਲੱਗੇ ਹੋਏ ਹਾਂ, ਅੱਜ ਕੱਲ੍ਹ ਇਕ ਨਵਾਂ ਟਰੇਂਡ ਆਇਆ ਏ, ਦੂਸਰੇ ਧਰਮ ਦੀਆਂ ਜਾਂ ਸਿਰਫ ਇਕ ਵਿਸ਼ੇਸ਼ ਧਰਮ ਦੀਆਂ ਰੂੜੀਆਂ ਨੂੰ ਟਾਰ-ਗੇਟ ਕਰਨ ਦਾ, ਜਦਕਿ ਰੂੜੀਆਂ ਤੇ ਅੰਧਵਿਸ਼ਵਾਸ ਹਰੇਕ ਧਰਮ ਦੇ ਲੋਕਾਂ ਚ ਧੁਰ-ਅੰਦਰ ਤੱਕ ਵੱਸ ਚੁੱਕੀਆਂ ਹਨ। ਆਪਾਂ ਜਿੰਨੇ ਵਿਗਿਆਨਕ ਨਜ਼ਰੀਏ ਨਾਲ ਕਿਸੇ ਹੋਰ ਧਰਮ ਨੂੰ ਦੇਖਦੇ ਆਂ, ਕੀ ਕਦੇ ਆਪਣੇ ਧਰਮ ਨੂੰ ਵੀ ਉਸੇ ਨਜ਼ਰੀਏ ਨਾਲ ਆਪਾਂ ਘੋਖਿਆ ਏ ? ਆਪਾਂ ਜਿੰਨੀ ਸ਼ਰਧਾ ਨਾਲ ਆਪਣੇ ਧਰਮ ਨੂੰ ਵੇਖਦੇ ਆਂ, ਕਦੇ ਦੂਜੇ ਧਰਮ ਨੂੰ ਵੀ ਉਨੀ ਹੀ ਸ਼ਰਧਾ ਨਾਲ ਦੇਖਿਆ ਏ ? ਨਫਰਤ ਦੀ ਅੱਗ ਇਸ ਕਦਰ ਹਾਵੀ ਹੋ ਚੁੱਕੀ ਏ ਜਾਂ ਆਪਣੀ ਸਮਝ ਇਸ ਪੱਧਰ ਤੇ ਹੈ ਕਿ, ਆਪਾਂ ਕਿਸੇ ਪੂਰੇ ਧਰਮ, ਡੇਰੇ, ਸੰਪਰਦਾਇ ਜਾਂ ਮੱਤ ਦੇ ਲੋਕਾਂ ਨੂੰ ਇੱਕ ਵਿਸ਼ੇਸ਼ ਨਜ਼ਰੀਏ ਨਾਲ ਦੇਖਣ ਲੱਗ ਪਏ ਹਾਂ, ਆਪਾਂ ਨੂੰ ਸਿਰਫ ਵਿਰੋਧ ਲਈ ਵਿਰੋਧ ਜਾਂ ਸਮਰਥਨ ਲਈ ਸਮਰਥਨ ਕਰਨ ਦੀ ਨੀਤੀ ਤੁਰੰਤ ਤਿਆਗਣ ਦੀ ਲੋੜ ਏ। ਦੇਸ਼ ਚ ਪਿੱਛੇ ਜਿਹੇ ਦਿੱਤੇ ਗਏ ਰਾਸ਼ਟਰੀ ਅਵਾਰਡਾਂ ਲਈ ਚੁਣੇ ਗਏ ਲੋਕਾਂ ਚ, ਸਿਰਫ ਇਕ ਚੇਹਰੇ ਤੋਂ ਬਿਨਾਂ ਬਾਕੀ ਜੋ ਲੋਕ ਚੁਣੇ ਗਏ ਹਨ, ਅੱਜ ਤੱਕ ਇੰਨੇ ਬੇਹਤਰੀਨ ਲੋਕ, ਜਿੰਨਾਂ ਮਾਨਵਤਾ ਲਈ, ਇੰਨੇ ਅਸਾਧਾਰਨ ਮਹਾਨ ਕਾਰਜ ਕੀਤੇ, ਉਹਨਾਂ ਗੁਮਨਾਮ ਲੋਕਾਂ ਦੀ ਚੋਣ ਕਰਨ ਲਈ ਸਰਕਾਰ ਦੀ ਜਿੰਨੀ ਤਰੀਫ ਕੀਤੀ ਜਾਵੇ ਘੱਟ ਏ, ਪਰ ਉਸ ਵਿਵਾਦਤ ਚੇਹਰੇ ਦੀ ਚੌਣ ਨੂੰ ਆਪਾਂ ਕਿਸੇ ਵੀ ਤਰੀਕੇ,ਪਹਿਲੇ ਦੀਆਂ ਸਰਕਾਰਾਂ ਤੇ ਉੰਗਲ ਉਠਾ ਕੇ ਜਾਇਜ ਨੀਂ ਠਹਿਰਾ ਸਕਦੇ ਪਰ ਇਸ ਮੁੱਦੇ ਤੇ ਲੋਕਾਂ ਵੱਲੋਂ ਚੋਣਵੇਂ ਪ੍ਰਤੀਕਰਮ ਦਿੰਦਿਆਂ, ਸਿਰਫ ਉਸੇ ਚੇਹਰੇ ਨੂੰ, ਇੰਨੀ ਨਕਾਰ-ਾਤਮਕ ਤਵੱਜੋ ਦੇਣਾ, ਕਿੱਥੋਂ ਤੱਕ ਜਾਇਜ ਏ।

ਆਓ ਅਸੀਂ ਸਾਰੇ ਰੱਲ੍ਹ ਕੇ, ਫਿਰਕਾਪ੍ਰਸਤੀ ਦੇ ਗੰਦੇ ਜਾਲ ਚੋਂ ਨਿਕਲਣ ਲਈ ਸੁਹਿਰਦ ਯਤਨ ਕਰੀਏ। ਧਾਰਮਿਕ ਹੋਣ ਤੇ ਆਪਣੇ ਧਰਮ ਪ੍ਰਤਿ ਕੱਟੜਵਾਦ ਦਾ ਸਮਰਥਨ ਕਰਨ ਚ ਬਹੁਤ ਫਰਕ ਏ, ਹਾਲਾਂਕਿ ਸਾਨੂੰ ਸਭ ਨੂੰ ਆਪਣੇ ਧਰਮ ਖਿਲਾਫ ਕੀਤੇ ਜਾਂਦੇ ਝੂਠੇ ਪ੍ਰਚਾਰ ਨੂੰ ਰੋਕਣ ਲਈ ਤੇ ਧਰਮ ਦੀ ਰੱਖਿਆ ਲਈ ਹਰਸੰਭਵ ਯਤਨ ਜਰੂਰ ਕਰਨੇ ਚਾਹੀਦੇ ਨੇਂ, ਪਰ ਸਾਨੂੰ ਦੂਜੇ ਧਰਮ ਦੇ ਖਿਲਾਫ ਘਟੀਆ ਪ੍ਰਚਾਰ ਜਾਂ ਨਫਰਤ ਫੈਲਾਉਣ ਤੋਂ ਬਚਣ ਦੀ ਸਖਤ ਲੋੜ ਏ। ਹਰੇਕ ਧਰਮ, ਖੇਤਰ ਤੇ ਜਾਤੀ ਵਿੱਚ, ਸਮਾਜ ਵਿਰੋਧੀ ਤੇ ਸਮਾਜ ਹਿਤੈਸ਼ੀ ਲੋਕ ਮੌਜੂਦ ਨੇਂ, ਸਾਨੂੰ ਅਨੈਤਿਕ ਲੋਕਾਂ ਤੇ ਉਂਗਲ ਉਠਾਉਣ ਦਾ ਪੂਰਾ ਹੱਕ ਏ ਪਰ ਉਸ ਵਿਅਕਤੀ ਦੇ ਪੂਰੇ ਧਰਮ ਨੂੰ ਟਾਰਗੇਟ ਕਰਨਾ ਚੰਗੀ ਪ੍ਰਵਿਰਤੀ ਨਹੀਂ ਹੈ। ਕੋਈ ਵੀ ਧਰਮ ਨਹੀਂ ਸਗੋਂ ਧਰਮ ਦੇ ਨਾਂ ਤੇ ਪਾਖੰਡ, ਨਫਰਤ, ਆਡੰਬਰ, ਠੱਗੀਆਂ, ਰਾਜਨੀਤੀ ਅਤੇ ਕਾਰੋਬਾਰ ਚਲਾਉਣ ਵਾਲੇ ਲੋਕ ਮਾੜੇ ਹੁੰਦੇ ਹਨ। ਸਾਨੂੰ ਸਭ ਨੂੰ ਹੀ, ਕਿਸੇ ਵੀ ਘਟਨਾ ਤੇ, ਖਾਸਕਰ ਧਾਰਮਿਕ ਘਟਨਾ ਤੇ, ਪ੍ਰਤੀਕ੍ਰਿਆ ਦੇਣ ਤੋਂ ਪਹਿਲਾਂ ਸੱਚ-ਝੂਠ ਤੇ ਹੋਰ ਸਾਰੇ ਤੱਥਾਂ ਤੇ ਧਿਆਨ ਦੇ ਕੇ ਸੰਜਮ ਦੀ ਪਾਲਣਾ ਕਰਨਾ, ਬਹੁਤ ਜਰੂਰੀ ਏ, ਨਹੀਂ ਤਾਂ ਦੇਸ਼ਵਿਰੋਧੀ ਤੇ ਸਮਾਜ ਵਿਰੋਧੀ ਲੋਕ, ਸਾਡੇ ਮਨਾਂ ਚ ਉਹਨਾਂ ਲੋਕਾਂ ਲਈ ਨਫਰਤ ਪੈਦਾ ਕਰ ਦੇਣਗੇ, ਜੋ ਦੇਸ਼ ਤੇ ਸਮਾਜ ਦਾ ਸਰਮਾਇਆ ਹਨ।

*ਮਜਹਬ ਨਹੀਂ ਸਿਖਾਤਾ, ਆਪਸ ਮੇਂ ਬੈਰ ਰਖਨਾ,, ਹਿੰਦੀ ਹੈਂ ਹਮ ਵਤਨ ਹੈਂ, ਹਿੰਦੋਸਤਾਨ ਹਮਾਰਾ, ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ।-*
*ਇਕਬਾਲ।*

*-ਅਸ਼ੋਕ ਸੋਨੀ, ਕਾਲਮਨਵੀਸ*
*ਖੂਈ ਖੇੜਾ, ਫਾਜ਼ਿਲਕਾ*
*9872705078*

# ਆਪਣੀ ਅਹਿਮੀਅਤ ਸਮਝੋ...



ਇਸ ਸੰਸਾਰ ਵਿੱਚ ਪਰਮਾਤਮਾ ਨੇ ਜਿਸ ਜੀਵ ਨੂੰ ਪੈਦਾ ਕੀਤਾ ਹੈ, ਉਸਨੂੰ ਕਿਸੇ ਖਾਸ ਮਕਸਦ ਅਧੀਨ ਪੈਦਾ ਕੀਤਾ ਹੈ। ਇਸ ਦੁਨੀਆਂ ਨੂੰ ਖੂਬਸੂਰਤ ਬਣਾਉਣ ਵਿੱਚ ਹਰ ਪਸ਼ੂ, ਪੰਛੀ, ਪੇੜ ਪੌਦੇ, ਮਨੁੱਖ ਹਰ ਇੱਕ ਦਾ ਆਪਣਾ ਯੋਗਦਾਨ ਹੈ। ਜੇਕਰ ਸਾਰੇ ਜੀਵਾਂ ਦੀ ਗੱਲ ਨਾ ਕਰਕੇ ਕੇਵਲ ਮਨੁੱਖ ਦੀ ਅਹਿਮੀਅਤ ਦੀ ਗੱਲ ਕੀਤੀ ਜਾਵੇ ਤਾਂ ਹਰ ਮਨੁੱਖ ਦਾ ਆਪਣਾ ਇੱਕ ਸਥਾਨ ਹੈ। ਦੁਨੀਆਂ ਵਿੱਚ ਵੱਸਦੇ ਲੱਖਾਂ ਕਰੋੜਾਂ ਲੋਕਾਂ ਵਿੱਚ ਹਰ ਕੋਈ ਕਿਸੇ ਨਾ ਕਿਸੇ ਲਈ ਖਾਸ ਹੈ, ਭਾਵੇਂ ਉਹ ਅਮੀਰ ਹੋਵੇ ਜਾਂ ਗਰੀਬ। ਇੱਕ ਪਿਤਾ ਇੱਕ ਇਨਸਾਨ ਦੇ ਰੂਪ ਵਿੱਚ ਕਿਸੇ ਲਈ ਅਹਿਮ ਭਾਵੇਂ ਨਾ ਹੋਵੇ ਪਰ ਉਸਦੇ ਬੱਚਿਆਂ ਲਈ ਉਹ ਸਭ ਤੋਂ ਖਾਸ ਹੋਵੇਗਾ। ਇਸੇ ਤਰ੍ਹਾਂ ਇੱਕ ਔਰਤ ਭਾਵੇਂ ਕਿਸੇ ਘਰ ਸਫਾਈ ਕਰਨ ਦਾ ਕੰਮ ਕਿਉਂ ਨਾ ਕਰਦੀ ਹੋਵੇ ਪਰ ਉਸਦੇ ਬੱਚਿਆਂ ਲਈ ਉਹ ਦੁਨੀਆਂ ਦੀ ਸਭ ਤੋਂ ਖੂਬਸੂਰਤ ਔਰਤ ਹੈ। ਥੋੜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਹਰ ਇੱਕ ਇਨਸਾਨ ਦਾ ਆਪਣਾ ਆਪਣਾ ਅਸਤਿਤਵ ਹੈ। ਪਰ ਕਈ ਵਾਰ ਹਲਾਤ ਅਜਿਹੇ ਬਣ ਜਾਂਦੇ ਹਨ ਕਿ ਅਸੀਂ ਆਪਣੇ ਆਪ ਦੀ ਅਹਿਮੀਅਤ ਭੁੱਲ ਜਾਂਦੇ ਹਾਂ, ਕਈ ਵਾਰ ਅਸੀਂ ਆਪਣੇ ਨਾਲ ਜੁੜੇ ਹੋਏ ਲੋਕਾਂ ਨੂੰ ਏਨੀ ਅਹਿਮੀਅਤ ਦੇਣ ਲੱਗਦੇ ਹਾਂ ਕਿ ਆਪਣੇ ਆਪ ਨੂੰ ਤਵੱਜੋਂ ਦੇਣਾ ਭੁੱਲ ਜਾਂਦੇ ਹਾਂ। ਜਦੋਂ ਸਾਨੂੰ ਸਾਹਮਣੇ ਵਾਲੇ ਮਨੁੱਖਾਂ ਤੋਂ ਉਸੇ ਤਰ੍ਹਾਂ ਦਾ ਪਿਆਰ, ਸਤਿਕਾਰ ਜਾਂ ਅਹਿਮੀਅਤ ਨਹੀਂ ਮਿਲਦੀ ਤਾਂ ਅਸੀਂ ਉਦਾਸ ਹੁੰਦੇ



ਹਰਕੀਰਤ ਕੌਰ
9779118066

ਹਾਂ। ਜਿਸ ਨਾਲ ਅਸੀਂ ਆਪਣੇ ਸਵੈਂ ਮਾਣ ਨੂੰ ਸੱਟ ਪੁੰਹਚਾਉਂਦੇ ਹਾਂ ਅਤੇ ਨਾਲ ਦੀ ਨਾਲ ਹੀਣ ਭਾਵਨਾ ਦੇ ਸ਼ਿਕਾਰ ਹੁੰਦੇ ਹਾਂ। ਇਸ ਸੰਸਾਰ ਵਿੱਚ ਹਰ ਕੰਮ, ਵਿਵਹਾਰ ਦੀ ਇੱਕ ਹੱਦ ਹੁੰਦੀ ਹੈ। ਕਿਸੇ ਵੀ ਤਰ੍ਹਾਂ ਦੀ ਕਿ-ਰਆ ਜਦ ਹੱਦੋਂ ਵੱਧ ਹੋ ਜਾਂਦੀ ਹੈ ਤਾਂ ਉਸਦੇ ਨਕਾਰਾਤਮਕ ਨਤੀਜੇ ਆਉਣੇ ਸ਼ੁਰੂ ਹੋ ਜਾਂਦੇ ਹਨ। ਸੋ ਲੋਕਾਂ ਨੂੰ ਤਵੱਜੋਂ ਦਿੰਦੇ ਦਿੰਦੇ ਆਪਣੀ ਹੋਂਦ ਨੂੰ ਠੇਸ ਨਾ ਪੁੰਹਚਾਓ ।

ਪ੍ਰਮਾਤਮਾ ਨੇ ਜੇਕਰ ਤੁਹਾਨੂੰ ਬਣਾਇਆ ਹੈ ਤਾਂ ਕਿਸੇ ਖਾਸ ਮਕਸਦ ਲਈ ਬਣਾਇਆ ਹੈ। ਪੂਰੇ ਬ੍ਰਹਿਮੰਡ ਵਿੱਚ ਭਾਵੇਂ ਕਿੰਨੇ ਵੀ ਜੀਵ ਕਿਉਂ ਨਹੀਂ ਹਨ, ਕਿੰਨੇ ਇਨਸਾਨ ਕਿਉਂ ਨਹੀਂ ਹਨ, ਤੁਹਾਡੀ ਜਗ੍ਹਾ ਕੋਈ ਨਹੀਂ ਲੈ ਸਕਦਾ। ਤੁਹਾਡਾ ਪੂਰੇ ਬ੍ਰਹਿਮੰਡ ਵਿੱਚ ਇੱਕ ਖਾਸ ਸਥਾਨ ਹੈ। ਕਿਸੇ ਕੰਮ ਵਿੱਚ ਹਾਰ ਜਾਣਾ, ਕਾਮਯਾਬ ਨਾ ਹੋਣ ਕਰਕੇ, ਚੁਣੌਤੀਆਂ ਦੇ ਆਉਣ ਕਰਕੇ ਕਈ ਵਾਰ ਮਨੁੱਖ ਆਪਣੇ ਆਪ ਨੂੰ ਬੇਲੋੜਾ ਸਮਝਣ ਲੱਗਦਾ ਹੈ ਪਰ ਯਾਦ ਰੱਖੋ ਹਲਾਤਾਂ ਅੱਗੇ ਗੋਡੇ ਟੇਕਣ, ਵਿਚਾਰਗੀ ਵਾਲੀ ਜਿੰਦਗੀ ਜਿਊਣ ਨਾਲੋ ਕਿਤੇ ਚੰਗਾ ਹੈ ਕਿ ਹਿੰਮਤ ਨਾਲ ਸਮੇਂ ਦਾ ਟਾਕਰਾ ਕੀਤਾ ਜਾਵੇ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਬੇਲੋੜੇ ਹੋ ਤਾਂ ਆਪਣੀ ਸ਼ਖਸੀਅਤ ਨੂੰ ਨਿਖਾਰਨ ਵੱਲ ਧਿਆਨ ਦਿਉ ਤਾਂ ਜੋ ਤੁਸੀਂ ਕੁਝ ਵਿਲੱਖਣ ਕਰ ਸਕੋ। ਹਮੇਸ਼ਾ ਚਿੱਤ ਵਿੱਚ ਰੱਖੋ ਕਿ ਤੁਸੀਂ ਇੱਕ ਹੋ ਇਸ ਪੂਰੇ ਬ੍ਰਹਿਮੰਡ ਵਿੱਚ, ਤੁਹਾਡੇ ਵਰਗਾ ਦੂਸਰਾ ਕੋਈ ਨਹੀਂ ਹੈ। ਲੋਕ ਤੁਹਾਨੂੰ ਅਹਿਸਾਸ ਦਿੰਦੇ ਹਨ ਜਾਂ ਨਹੀਂ ਇਸ ਨਾਲੋਂ ਕਿਤੇ ਜਿਆਦਾ ਜਰੂਰੀ ਹੈ ਕਿ ਤੁਸੀਂ ਆਪਣੇ ਆਪ ਨੂੰ ਕਿੰਨੀ ਅਹਿਮੀਅਤ ਦਿੰਦੇ ਹੋ। ਜੇਕਰ ਖੁਦ ਆਪਣੇ ਆਪ ਨੂੰ ਸਵੀਕਾਰ ਕਰੋਗੇ ਤਾਂ ਹੀ ਲੋਕਾਂ ਤੋਂ ਆਸ ਕੀਤੀ ਜਾ ਸਕਦੀ ਹੈ।

ਸੋ ਇਸ ਲੇਖ ਵਿੱਚ ਵਿਚਾਰੇ ਤਿੰਨ ਪੱਖਾਂ ਵੱਲ ਧਿਆਨ ਦੇਕੇ ਨਿਚੋੜ ਇਹੀ ਕੱਢਿਆ ਜਾ ਸਕਦਾ ਹੈ ਕਿ ਤੁਸੀਂ ਖਾਸ ਹੋ ਇਸ ਲਈ ਆਪਣੀ ਅਹਿਮੀਅਤ ਕਦੇ ਨਾ ਭੁੱਲੋ ਅਤੇ ਨਾ ਹੀ ਹੀਣ ਭਾਵਨਾ ਦੇ ਸ਼ਿਕਾਰ ਹੋਵੋ।

# ਬਾਦਲਾਂ ਦੇ ਖ਼ਾਸਮ-ਖ਼ਾਸ ਹਰਦੀਪ ਸਿੰਘ ਡਿੰਪੀ ਦੀਆਂ ਸਾਰੀਆਂ ਬੱਸਾਂ ਦੇ ਪਰਮਿਟ ਰੱਦ

* ਟੈਕਸ ਨਾ ਭਰਨ ਕਾਰਨ ਡਿਫ਼ਾਲਟਰ ਹੋਣ ਦੇ ਦੋਸ਼ਾਂ ਵਿੱਚ ਕਾਰਵਾਈ

ਚੰਡੀਗੜ੍ਹ, 16 ਨਵੰਬਰ (ਪੋਸਟ ਬਿਊਰੋ)- ਪੰਜਾਬ ਦੀ ਚਰਨਜੀਤ ਸਿੰਘ ਚੰਨੀ ਸਰਕਾਰ ਦਾ ਟਰਾਂਸਪੋਰਟ ਮੰਤਰੀ ਬਣਨ ਪਿੱਛੋਂ ਗਿੱਦੜਬਾਹਾ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਟਰਾਂਸਪੋਰਟ ਮਾਫ਼ੀਏ ਵਿਰੁੱਧ ਵਿੱਢੀ ਮੁਹਿੰਮ ਹੇਠ ਰੋਜ਼ ਛਾਪਾਮਾਰੀ ਕਰ ਕੇ ਨਿਯਮਾਂ ਦੀ ਉਲੰਘਣਾ ਕਰ ਕੇ ਚਲਾਈਆਂ ਜਾਂਦੀਆਂ ਨਿੱਜੀ ਬੱਸਾਂ ਫੜ ਕੇ ਜ਼ਬਤ ਕੀਤੀਆਂ ਹਨ ਤੇ ਇਸ ਦੌਰਾਨ ਸਭ ਤੋਂ ਵੱਡੀ ਕਾਰਵਾਈ ਬਾਦਲਾਂ ਦੇ ਖ਼ਾਸ ਹਰਦੀਪ ਸਿੰਘ ਡਿੰਪੀ ਢਿੱਲੋਂ ਵਿਰੁੱਧ ਹੋਈ ਹੈ।

ਡਿੰਪੀ ਢਿੱਲੋਂ ਦੀਆਂ ਦੋ ਬੱਸ ਕੰਪਨੀਆਂ ਨਿਊ ਦੀਪ ਕੰਪਨੀ ਤੇ ਨਿਊ ਦੀਪ ਮੋਟਰਜ਼ ਦੀਆਂ ਬੱਸਾਂ ਦੇ ਸਾਰੇ ਪਰਮਿਟ ਰੱਦ ਕਰ ਦਿਤੇ ਗਏ ਹਨ। ਸ਼ਾਇਦ ਪੰਜਾਬ ਦੇ ਟਰਾਂਸਪੋਰਟ ਵਿਭਾਗ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਕਿ ਕਿਸੇ ਨਿੱਜੀ ਟਰਾਂਸਪੋਰਟ ਕੰਪਨੀ ਦੇ ਸਾਰੇ ਪਰਮਿੱਟ ਇੱਕੋਂ ਵੇਲੇ ਰੱਦ ਕੀਤੇ ਗਏ ਹੋਣ। ਪਰਮਿਟ ਰੱਦ ਹੋਣ ਦਾ ਪ੍ਰਗਟਾਵਾ ਖ਼ੁਦ ਡਿੰਪੀ ਢਿੱਲੋਂ ਨੇ ਕੱਲ੍ਹ ਸ਼ਾਮ ਇੱਥੇ ਸੱਦੀ ਪ੍ਰੈਸ ਕਾਨਫ਼ਰੰਸ ਵਿੱਚ ਕੀਤਾ। ਨਿਊ ਦੀਪ ਦੇ 36 ਅਤੇ ਨਿਊ ਦੀਪ ਮੋਟਰਜ਼ ਕੰਪਨੀ ਦੇ 40 ਪਰਮਿੱਟ ਰੱਦ ਕੀਤੇ ਗਏ ਹਨ। ਢਿੱਲੋਂ ਨੇ ਦੱਸਿਆ ਕਿ ਉਨ੍ਹਾਂ ਦੀਆਂ 56 ਬੱਸਾਂ ਜ਼ਬਤ ਹੋਈਆਂ ਹਨ। ਇਹ ਪਰਮਿਟ ਰੋਡ ਟੈਕਸ ਨਾ ਭਰਨ ਕਾਰਨ



ਹਰਦੀਪ ਸਿੰਘ ਡਿੰਪੀ ਢਿੱਲੋਂ

ਡਿਫ਼ਾਲਟਰ ਹੋਣ ਦੇ ਦੋਸ਼ਾਂ ਵਿੱਚ ਰੱਦ ਕੀਤੇ ਗਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਿਰਫ਼ ਬਦਲੇ ਦੀ ਭਾਵਨਾ ਨਾਲ ਇੱਕ ਪਾਸੜ ਕਾਰਵਾਈ ਕੀਤੀ ਗਈ ਅਤੇ ਬਿਨਾਂ ਕਿਸੇ ਨੋਟਿਸ ਦੇ ਸਾਰੇ ਪਰਮਿਟ ਰੱਦ ਕੀਤੇ ਗਏ। ਉਨ੍ਹਾਂ ਕਿਹਾ ਕਿ ਮੇਰਾ ਕਸੂਰ ਸਿਰਫ਼ ਇੰਨਾ ਹੈ ਕਿ ਮੈਂ ਗਿੱਦੜਬਾਹਾ ਤੋਂ ਰਾਜਾ ਵੜਿੰਗ ਵਿਰੁੱਧ ਅਕਾਲੀ ਦਲ ਦਾ ਉਮੀਦਵਾਰ ਹਾਂ,ਮੈਂ 2017 ਵਿੱਚ ਚੋਣ ਲੜੀ ਅਤੇ ਪਾਰਟੀ ਨੇ 2022 ਲਈ ਫਿਰ ਟਿਕਟ ਦੇ ਦਿੱਤੀ ਹੈ।

ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਦਾਅਵਾ ਕੀਤਾ ਕਿ 31 ਦਸੰਬਰ 2020 ਦਾ ਰਿਕਾਰਡ ਦੱਸਦਾ ਹੈ ਕਿ ਅਸੀਂ ਕਦੇ ਡਿਫ਼ਾਲਟਰ ਨਹੀਂ ਹੋਏ, ਸਿਰਫ਼ ਕੋਰੋਨਾ ਮਹਾਂਮਾਰੀ ਦੇ ਸੰਕਟ ਕਾਰਨ ਡਿਫ਼ਾਲਟਰ ਹੋਣ ਦੀ ਸਥਿਤੀ ਬਣੀ ਹੈ। ਉਨ੍ਹਾਂ ਕਿਹਾ ਕਿ ਸਾਡੀਆਂ ਕੰਪਨੀਆਂ ਵੱਲ ਇਸ ਸਮੇਂ ਢਾਈ ਕਰੋੜ ਦੇ ਕਰੀਬ ਟੈਕਸ ਬਕਾਇਆ ਸੀ ਅਤੇ ਮਾਮਲਾ ਟ੍ਰਿਬਿਊਨਲ ਵਿੱਚ ਜਾਣ ਪਿੱਛੋਂ ਚਾਰ ਕਿਸ਼ਤਾਂ ਵਿੱਚ ਬਕਾਇਆ ਜਮ੍ਹਾਂ ਕਰਾਉਣ ਦੀ ਆਗਿਆ ਮਿਲ ਗਈ ਸੀ, ਜਿਸ ਦੀ ਪਹਿਲੀ ਕਿਸ਼ਤ 60 ਲੱਖ ਜਮ੍ਹਾਂ ਕਰਵਾ ਦਿੱਤੀ। ਢਿੱਲੋਂ ਦਾ ਕਹਿਣਾ ਹੈ ਕਿ ਕੇਸ ਟ੍ਰਿਬਿਊਨਲ ਵਿੱਚ ਹੋਣ ਦੇ ਬਾਵਜੂਦ ਇਕਤਰਫ਼ਾ ਕਾਰਵਾਈ ਕੀਤੀ ਗਈ ਤੇ ਮੰਤਰੀ ਇਸ ਗੱਲ ਉੱਤੇ ਅੜੇ ਹੋਏ ਹਨ ਕਿ ਇਕੱਠਾ ਸਾਰਾ ਟੈਕਸ ਲੈਣਾ ਹੈ, ਜਦ ਕਿ ਕੋਵਿਡ ਮਹਾਂਮਾਰੀ ਦੇ ਔਖੇ ਸਮੇਂ ਵਿੱਚ ਇਕਦਮ ਇੰਨਾ ਪੈਸਾ ਜਮ੍ਹਾਂ ਕਰਵਾਉਣਾ ਸੰਭਵ ਨਹੀਂ? ਉਨ੍ਹਾਂ ਦੱਸਿਆ ਕਿ ਅਸੀਂ ਟੈਕਸ ਭਰਨ ਤੋਂ ਕਦੇ ਨਹੀਂ ਭੱਜੇ ਅਤੇ ਟੈਕਸ ਭਰਨ ਲਈ ਐਫੀਡੇਵਿਟ ਵੀ ਦਿੱਤਾ ਹੋਇਆ ਹੈ।

# ਪਾਕਿਸਤਾਨ ਦੂਤਘਰ ਵੱਲੋਂ ਪ੍ਰਕਾਸ਼ ਪੁਰਬ ਲਈ 3442 ਭਾਰਤੀਆਂ ਨੂੰ ਵੀਜ਼ੇ ਜਾਰੀ

ਹੁਸ਼ਿਆਰਪੁਰ, 16 ਨਵੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਲਈ 17 ਤੋਂ 26 ਨਵੰਬਰ ਤਕ ਪਾਕਿਸਤਾਨ ਦੇ ਗੁਰਧਾਮਾਂ ਵਿੱਚ ਮੱਥਾ ਟੇਕਣ ਲਈ ਜਾਣ ਵਾਲੇ ਜਥਿਆਂ ਨੂੰ ਪਾਕਿਸਤਾਨੀ ਦੂਤਘਰ ਵੱਲੋਂ ਕੁੱਲ 3442 ਵੀਜ਼ੇ ਜਾਰੀ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਭੇਜੀਆਂ ਅਰਜ਼ੀਆਂ ਵਿੱਚੋਂ 1043 ਸਿੱਖ ਸ਼ਰਧਾਲੂਆਂ ਨੂੰ ਵੀਜ਼ਾ ਜਾਰੀ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਸੀ ਕਿ ਕਮੇਟੀ ਵੱਲੋਂ ਭੇਜੇ 191 ਸ਼ਰਧਾਲੂਆਂ ਨੂੰ ਵੀਜ਼ੇ ਤੋਂ ਨਾਂਹ ਕਰ ਦਿੱਤੀ ਗਈ ਤੇ ਕੁੱਲ 855 ਸ਼ਰਧਾਲੂਆਂ ਨੂੰ ਵੀਜ਼ੇ ਦਿੱਤੇ ਗਏ ਹਨ, ਪਰ ਪਾਕਿਸਤਾਨੀ ਦੂਤਘਰ ਵੱਲੋਂ ਦਿੱਤੇ




ਵੇਰਵੇ ਮੁਤਾਬਕ ਸ਼੍ਰੋਮਣੀ ਕਮੇਟੀ ਨੂੰ 1043 ਵੀਜ਼ੇ ਜਾਰੀ ਹੋਏ ਹਨ। ਇਸ ਵੇਰਵੇ ਮੁਤਾਬਕ ਦਿੱਲੀ ਸਿੱਖ ਗੁਰਦੁ-ਆਰਾ ਮੈਨੇਜਮੈਂਟ ਕਮੇਟੀ ਨੂੰ 211, ਉਤਰਾਖੰਡ ਦੇ ਸ਼ਰਧਾਲੂਆਂ ਦੇ ਜਥੇ ਨੂੰ16, ਜੰਮੂ ਕਸ਼ਮੀਰ ਲਈ 61, ਉਤਰ ਪ੍ਰਦੇਸ਼ ਸਿੱਖ ਵਫਦ ਦੇ 25, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 33, ਨਨਕਾਣਾ ਸਾਹਿਬ ਸਿੱਖ ਯਾਤਰੀ ਜਥਾ ਅੰਮ੍ਰਿਤਸਰ ਦੇ 101, ਸਿੱਖ ਮਿਸ਼ਨ ਹਰਿਆਣਾ ਦੇ 136, ਡੇਰਾ ਕਾਰ ਸੇਵਾ ਬਾਬਾ ਲੱਖਾ ਸਿੰਘ ਗੁਰੂ ਕਾ ਬਾਗ ਲਈ 206, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਮੰਡੀ ਡਬਵਾਲੀ ਦੇ 310, ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਫਿਰੋਜ਼ਪੁਰ ਦੇ 402, ਖਾਲੜਾ ਮਿਸ਼ਨ ਕਮੇਟੀ ਤਰਨ ਤਾਰਨ ਦੇ 666 ਅਤੇ ਸ਼੍ਰੋਮਣੀ ਅਕਾਲੀ ਦਲ ਦੇ 232 ਮੈਂਬਰਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

# ਗੁਰੂ ਨਾਨਕ ਮੋਦੀਖਾਨੇ ਦਾ ਰਾਸ਼ਨ ਵੰਡ ਸਮਾਰੋਹ, ਸਮਾਜ ਸੇਵਿਕਾ ਮਾਲਵਿਕਾ ਸੂਦ ਸੱਚਰ ਹੋਏ ਸ਼ਾਮਲ

ਮੋਗਾ 16 ਨਵੰਬਰ ( ਗਿਆਨ ਸਿੰਘ ) ਗੁਰੂ ਨਾਨਕ ਮੋਦੀਖਾਨਾ ਮੋਗਾ ਦਾ ਮਾਸਿਕ ਰਾਸ਼ਨ ਵੰਡ ਸਮਾਰੋਹ ਹੋਇਆ, ਜਿਸ ਵਿੱਚ ਫਿਲਮ ਸਟਾਰ ਸੋਨੂੰ ਸੂਦ ਦੀ ਭੈਣ ਸਮਾਜ ਸੇਵਕਾ ਸ੍ਰੀਮਤੀ ਮਾਲਵਿਕਾ ਸੂਦ ਸੱਚਰ ਵਿਸ਼ੇਸ ਤੌਰ ਤੇ ਸ਼ਾਮਲ ਹੋਏ।ਇਸ ਮੌਕੇ ਭਾਈ ਰਵਿੰਦਰ ਸਿੰਘ ਦੇ ਜੱਥੇ ਵਲੋਂ ਕੀਰਤਨ ਕੀਤਾ ਗਿਆ। ਗੁਰੂ ਨਾਨਕ ਮੋਦੀਖਾਨਾ ਦੇ ਮੁੱਖ ਸੇਵਾਦਾਰ ਮਨਜੀਤ ਸਿੰਘ ਮਿੰਦੀ ਦੇ ਕਿਹਾ ਕਿ ਪਿਛਲੇ 18 ਸਾਲਾ ਤੋ ਹਰ ਮਹੀਨੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਣ ਦੀ ਸੇਵਾ ਜਾਰੀ ਹੈ। ਇਸ ਵੇਲੇ 70 ਪਰਿਵਾਰ ਲਾਭ ਲੈ ਰਹੇ ਹਨ।



ਬਾਬਾ ਕੁਲਦੀਪ ਸਿੰਘ ਸੇਖਾ ਨੇ ਸੰਬੋਧਨ ਕਰਦਿਆਂ ਕਿਹਾ ਸਮਾਜ ਸੇਵਾ ਸਭ ਤੋਂ ਵੱਡੀ ਸੇਵਾ ਅਤੇ ਸ਼ਲਾਘਾਯੋਗ ਕਦਮ ਹੈ। ਇਸ ਮੌਕੇ ਮਾਲਵਿਕਾ ਸੂਦ ਸੱਚਰ ਨੇ ਕਿਹਾ ਕਿ ਸੋਨੂੰ ਚੈਰੀਟੇਬਲ ਸੰਸਥਾ ਨੇ ਕੋਵਿਡ ਮਹਾਮਾਰੀ ਦੌਰਾਨ 10000 ਪਰਿਵਾਰਾਂ ਨੂੰ ਰਾਸ਼ਨ ਵੰਡਿਆ ਅਤੇ 5000 ਵਿਅਕਤੀਆਂ ਨੂੰ ਪ੍ਰੇਰਨਾ ਕਰਕੇ ਟੀਕੇ ਲਗਵਾਏ। ਉਹਨਾਂ ਕਿਹਾ ਇਹ ਸੇਵਾ ਨਿਰੰਤਰ ਜਾਰੀ ਹੈ ਕੋਈ ਵੀ ਲੋੜਵੰਦ ਵਿਅਕਤੀ ਰਾਸ਼ਨ, ਡਾਕਟਰੀ ਇਲਾਜ ਅਤੇ ਵਿੱਦਿਆਰਥੀ ਪੜ੍ਹਾਈ ਦੀ ਸਹਾਇਤਾ ਲੈ ਸਕਦੇ ਹਨ। ਇਸ ਮੌਕੇ ਪ੍ਰਿਪਾਲ ਸਿੰਘ ਸੌਂਦ ਓਕਾਰਵਾਲੇ, ਪ੍ਰਧਾਨ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ , ਖੁਸ਼ਵੰਤ ਰਾਏ ਜੋਸ਼ੀ, ਰਛਪਾਲ ਸਿੰਘ ਜਗਦੇ, ਹਰਿੰਦਰ ਸਿੰਘ ਗਿੱਲ ਡੀਐਪੀ, ਰਣਜੀਤ ਸਿੰਘ ਮਾਲਵਾ, ਹਰਭਜਨ ਸਿੰਘ , ਗੁਰਪ੍ਰੀਤ ਸਿੰਘ ਲਾਲੀ, ਗਿਆਨੀ ਦਰਸ਼ਨ ਸਿੰਘ , ਨਰਿੰਦਰ ਸ੍ਰੀ ਡੱਡੀ, ਗੁਰਚਰਨ ਸਿੰਘ ਚਾਨੇ, ਅਮਰਜੀਤ ਸਿੰਘ ਗਿੱਲ , ਸਰਫਰੋਜ ਅਲੀ ਭੁਟੋ, ਰਾਜੂ ਮਹੇਸਵਰੀ, ਜੱਸਾ ਸਿੰਘ ਜਿਉਲਰ,ਗੁਰਚਰਨ ਸਿੰਘ ਹੀਰੋਹਾਡਾ, ਸੁਰੇਸ਼ ਅਰੋੜਾ, ਜੱਥੇਦਾਰ ਲਖਵੀਰ ਸਿੰਘ, ਸੇਵਕ ਸਿੰਘ ਆਦਿ ਪ੍ਰਮੁੱਖ ਵਿਅਕਤੀ ਸਾਮਲ ਸਨ।




# ਜਥੇਦਾਰ ਅਕਾਲ ਤਖ਼ਤ ਦੀ ਰਿਹਾਇਸ਼ ਉੱਤੇ ਹੰਗਾਮਾ ਕਰਨ ਵਾਲੇ ਸਣੇ ਛੇ ਜਣਿਆਂ ਖ਼ਿਲਾਫ਼ ਕੇਸ ਦਰਜ

ਤਲਵੰਡੀ ਸਾਬੋ, 16 ਨਵੰਬਰ (ਪੋਸਟ ਬਿਊਰੋ)- ਪਰਸੋਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਇੱਥੇ ਬਣੀ ਰਿਹਾਇਸ਼ ਵਿਖੇ ਪੁੱਜ ਕੇ ਹੰਗਾਮਾ ਕਰਦਿਆਂ ਫੇਸਬੁੱਕ ਉੱਤੇ ਲਾਈਵ ਹੋ ਕੇ ਆਪਣੀ ਕੁੱਟਮਾਰ ਕਰਨ ਅਤੇ ਦਸਤਾਰ ਦੀ ਬੇਅਦਬੀ ਕਰਨ ਦਾ ਦਾਅਵਾ ਕਰਨ ਵਾਲੇ ਵਿਅਕਤੀ ਅਤੇ ਪੰਜ ਹੋਰਨਾਂ ਖ਼ਿਲਾਫ਼ ਤਲਵੰਡੀ ਸਾਬੋ ਪੁਲਸ ਨੇ ਤਖ਼ਤ ਸਾਹਿਬ ਦੇ ਮੈਨੇਜਰ ਦੇ ਬਿਆਨਾਂ ਉੱਤੇ ਕੇਸ ਦਰਜ ਕਰ ਲਿਆ ਹੈ।

ਵਰਨਣ ਯੋਗ ਹੈ ਕਿ ਪਰਸੋਂ ਸੁਖਚੈਨ ਸਿੰਘ ਅਤਲਾ ਨਾਮੀ ਵਿਅਕਤੀ ਨੇ ਆਪਣੇ ਫੇਸਬੁੱਕ ਉੱਤੇ ਲਾਈਵ ਹੁੰਦਿਆਂ ਦੋਸ਼ ਲਾਏ ਸਨ ਕਿ ਜਥੇਦਾਰ ਅਕਾਲ ਤਖ਼ਤ ਦੀ ਦਮਦਮਾ ਸਾਹਿਬ ਵਿਚਲੀ ਰਿਹਾਇਸ਼ ਅੱਗੇ ਇੱਕ ਸ਼੍ਰੋਮਣੀ ਕਮੇਟੀ ਮੈਂਬਰ ਦੇ ਭਤੀਜੇ ਅਤੇ ਸਾਥੀਆਂ ਨੇ ਉਸ ਦੀ ਕੁੱਟਮਾਰ ਕਰਨ ਦੇ ਨਾਲ ਉਸ ਦੀ ਦਸਤਾਰ ਦੀ ਬੇਅਦਬੀ ਕੀਤੀ ਹੈ। ਇਸ ਕੇਸ ਵਿੱਚ ਕੱਲ੍ਹ ਉਦੋਂ ਮੋੜ ਆ ਗਿਆ, ਜਦੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ



ਮੈਨੇਜਰ ਪਰਮਜੀਤ ਸਿੰਘ ਨੇ ਤਲਵੰਡੀ ਸਾਬੋ ਦੀ ਪੁਲਸ ਨੂੰ ਦਿੱਤੀ ਦਰਖਾਸਤ ਵਿੱਚ ਦੋਸ਼ ਲਾਏ ਕਿ ਸੁਖਚੈਨ ਸਿੰਘ, ਉਸਦੀ ਪਤਨੀ, ਮਾਤਾ ਤੇ ਤਿੰਨ ਹੋਰ ਲੋਕ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕੋਲ ਕੋਈ ਮਸਲਾ ਲੈ ਕੇ ਆਏ ਸਨ, ਜਦੋਂ ਉਹ ਮਿਲ ਕੇ ਬਾਹਰ ਨਿਕਲੇ ਤਾਂ ਉਹ ਜਥੇਦਾਰਦੇ ਖਿਲਾਫ ਅਪਸ਼ਬਦ ਬੋਲਦਿਆਂ ਸ਼੍ਰੋਮਣੀ ਕਮੇਟੀ ਦੇ ਉਥੇ ਮੌਜੂਦ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਨਾਲ ਗਾਲੀ-ਗਲੋਚ ਕਰਨ ਲੱਗੇ। ਸਾਡੇ ਮੁਲਾਜ਼ਮਾਂ ਵੱਲੋਂ ਸਮਝਾਉਣ ਦੀ ਕੋਸ਼ਿਸ਼ ਦੇ ਬਾਵਜੂਦ ਉਹ ਧੱਕੇ ਨਾਲ ਫਿਰ ਜਥੇਦਾਰ ਸਾਹਿਬ ਦੀ ਕੋਠੀ ਵਿੱਚ ਜਾ ਕੇ ਮਰਨ ਮਾਰਨ ਦੀਆਂ ਧਮਕੀਆਂ ਦੇਣ ਲੱਗੇ ਅਤੇ ਸਾਡੇ ਮੁਲਾਜ਼ਮ ਗੁਰਦੀਪ ਸਿੰਘ ਦੀ ਦਸਤਾਰ ਦੀ ਬੇਅਦਬੀ ਕੀਤੀ। ਫਿਰ ਸੁਖਚੈਨ ਸਿੰਘ ਅਤਲਾ ਨੇ ਆਪਣੀ ਦਸਤਾਰ ਖੁਦ ਲਾਹ ਕੇ ਆਪਣੇ ਕੇਸ ਖਿਲਾਰ ਕੇ ਸ਼੍ਰੋਮਣੀ ਕਮੇਟੀ ਖ਼ਿਲਾਫ਼ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ।ਤਲਵੰਡੀ ਸਾਬੋ ਪੁਲਸ ਨੇ ਮੈਨੇਜਰ ਪਰਮਜੀਤ ਸਿੰਘ ਦੇ ਬਿਆਨਾਂ ਉੱਤੇ ਸੁਖਚੈਨ ਸਿੰਘ ਅਤਲਾ, ਉਸਦੀ ਪਤਨੀ ਸੁਖਜੀਤ ਕੌਰ, ਮਾਤਾ ਬਲਬੀਰ ਕੌਰ ਅਤੇ ਤਿੰਨ ਅਣਪਛਾਤੇ ਲੋਕਾਂ ਉੱਤੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਡੀ ਐਸ ਪੀ ਤਲਵੰਡੀ ਸਾਬੋ ਜਸਮੀਤ ਸਿੰਘ ਨੇ ਸੁਖਚੈਨ ਸਿੰਘ ਅਤਲਾ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਹੈ।

# ਕਿਸਾਨਾਂ ਦੇ ਵਿਰੋਧ ਕਾਰਨ ਭਾਜਪਾ ਨੇ 15 ਮਿੰਟਾਂ ਵਿੱਚ ਧਰਨਾ ਚੁੱਕਿਆ

ਤਲਵਾੜਾ, 16 ਨਵੰਬਰ (ਪੋਸਟ ਬਿਊਰੋ)- ਕਸਬਾ ਹਾਜੀਪੁਰ ਵਿੱਚ ਕੱਲ੍ਹ ਭਾਜਪਾ ਨੂੰ ਬਦਤਰ ਸਿਹਤ ਸਹੂਲਤਾਂ ਖਿਲਾਫ ਪ੍ਰਾਇਮਰੀ ਹੈੱਲਥ ਸੈਂਟਰ (ਪੀ ਐਚ ਸੀ) ਵਿੱਚ ਪੰਜਾਬ ਸਰਕਾਰ ਦੇ ਖਿਲਾਫ ਦਿੱਤਾ ਜਾ ਰਿਹਾ ਧਰਨਾ ਕਿਸਾਨਾਂ ਦੇ ਵਿਰੋਧ ਕਾਰਨ 15 ਮਿੰਟਾਂ ਵਿੱਚ ਚੁੱਕਣਾ ਪੈ ਗਿਆ ਅਤੇ ਉਹ ਓਥੋਂ ਖਿਸਕ ਗਏ।

ਮਿਲੀ ਜਾਣਕਾਰੀ ਅਨੁਸਾਰ ਭਾਜਪਾ ਦੇ ਲੋਕਲ ਵਰਕਰਾਂ ਨੇ ਹਲਕਾ ਮੁਕੇਰੀਆਂ ਦੇ ਇੰਚਾਰਜ ਜੰਗੀ ਲਾਲ ਮਹਾਜਨ ਦੀ ਅਗਵਾਈ ਹੇਠ ਸਵੇਰੇ 10 ਤੋਂ 12 ਵਜੇ ਤਕ ਰੋਸ ਪ੍ਰਦਰਸ਼ਨ ਦਾ ਐਲਾਨ ਕੀਤਾ ਸੀ, ਜਿਸ ਦੀ ਇਲਾਕੇ ਦੇ ਕਿਸਾਨਾਂ ਨੂੰ ਭਿਣਕ ਲੱਗ ਗਈ। ਕਿਸਾਨ ਆਗੂ ਸੁਖਵਿੰਦਰ ਵਾਹਲਾ ਤੇ ਹੋਰਨਾਂ ਦੀ ਅਗਵਾਈ ਹੇਠ ਕਿਸਾਨਾਂ ਨੇ ਭਾਜਪਾ ਦਾ ਵਿਰੋਧ ਕੀਤਾ। ਇਸ ਪਿੱਛੋਂ ਟਕਰਾਅ ਦੇਖ ਕੇ ਹਾਜ਼ੀਪੁਰ ਥਾਣੇ ਦੇ ਮੁਖੀ ਲੋਮੇਸ਼ ਸ਼ਰਮਾ ਨੇ ਨਾਇਬ ਤਹਿਸੀਲਦਾਰ ਤਲਵਾੜਾ ਨੂੰ ਬੁਲਾ ਕੇ ਧਰਨਾਕਾਰੀਆਂ ਕੋਲੋਂ ਮੰਗ ਪੱਤਰ ਦਿਵਾ ਕੇ 15 ਮਿੰਟਾਂ ਵਿੱਚ ਧਰਨਾ ਚੁਕਵਾ ਦਿੱਤਾ ਗਿਆ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਪ੍ਰਸ਼ਾਸਨ ਰਾਹੀਂ ਸਥਾਨਕ ਭਾਜਪਾ ਆਗੂਆਂ ਤੇ ਵਰਕਰਾਂ ਨੂੰ ਖੇਤੀ ਕਾਨੂੰਨ ਰੱਦ ਹੋਣ ਤਕ ਮਾਹੌਲ ਸ਼ਾਂਤਮਈ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਐਲਾਨ ਕੀਤਾ ਕਿ ਕਿਸਾਨੀ ਮਸਲਾ ਹੋਣ ਤਕ ਭਾਜਪਾ ਦੀ ਹਰ ਗਤੀਵਿਧੀ ਦਾ ਵਿਰੋਧ ਜਾਰੀ ਰਹੇਗਾ।

# ਵਿਦੇਸ਼ਾਂ ਵਿੱਚ ਬੈਠੇ ਡਰੱਗ ਕੇਸ ਦੇਭਗੌੜਿਆਂ ਬਾਰੇ ਕੇਂਦਰ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ

ਚੰਡੀਗੜ੍ਹ, 16 ਨਵੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਡਰੱਗ ਕੇਸ ਨਾਲ ਜੁੜੇ ਭਗੌੜਿਆਂ ਦੇ ਨਾਂਅ ਦੱਸ ਕੇ ਸਟੇਟਸ ਰਿਪੋਰਟ ਪੇਸ਼ ਕੀਤੀ ਹੈ। ਇਹ ਰਿਪੋਰਟ ਡਰੱਗ ਕੇਸ ਦੀ ਸੁਣਵਾਈ ਕਰ ਰਹੇ ਹਾਈ ਕੋਰਟ ਦੇ ਦੋਹਰੇ ਬੈਂਚ ਸਾਹਮਣੇ 18 ਨਵੰਬਰ ਨੂੰ ਰੱਖੀ ਜਾਵੇਗੀ।

ਪਤਾ ਲੱਗਾ ਹੈ ਕਿ ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅੱਠ ਭਗੌੜਿਆਂ ਨੂੰ ਵਾਪਸ ਲਿਆਉਣ ਲਈ ਕੈਨੇਡਾ ਦੀ ਸਰਕਾਰ ਨੂੰ ਵਿਚਾਰ ਕਰਨ ਲਈ ਕਿਹਾ ਗਿਆ ਸੀ। ਕਾਗ਼ਜ਼ਾਂ ਵਿੱਚ ਕੁਝ ਕਮੀ ਪੇਸ਼ੀ ਦੇ ਕਾਰਨ ਕੈਨੇਡਾ ਦੀ ਸਰਕਾਰ ਨੇ ਇਸ ਮੰਗ ਨੂੰ ਇੱਕ ਵਾਰ ਮੋੜ ਦਿੱਤਾ ਸੀ। ਦੋ ਹੋਰ ਭਗੌੜੇ ਵਾਪਸ ਲਿਆਉਣ ਲਈ 'ਗਲੋਬਲ ਅਫੇਅਰਜ਼ ਕੈਨੇਡਾ' ਨੂੰ ਅਰਜ਼ੀ ਭੇਜਣ ਤੋਂ ਪਹਿਲਾਂ ਕੈਨੇਡਾ ਦੀ ਅਥਾਰਟੀ ਦੀ ਸਲਾਹ ਉੱਤੇ ਉਚਿਤ ਫਾਰਮੈਟ ਵਿੱਚ ਮੰਗ ਕੀਤੀ ਗਈ ਸੀ। ਵਿਦੇਸ਼ ਮੰਤਰਾਲੇ ਨੇ ਆਟੋਵਾ ਵਿੱਚ ਭਾਰਤ ਦੇ ਹਾਈ ਕਮਿਸ਼ਨ ਤੋਂ ਵੀ ਮੰਗ ਕੀਤੀ ਸੀ ਕਿ ਭਗੌੜਿਆਂ ਨੂੰ ਭਾਰਤ ਲਿਆਉਣ ਦੇ ਕੇਸਾਂ ਦੀ ਮੌਜੂਦਾ ਸਥਿਤੀ ਬਾਰੇ ਦੱਸਿਆ ਜਾਏ। ਸਬੰਧਤ ਮੰਤਰਾਲੇ ਦੇ ਡਿਪਟੀ ਸੈਕਟਰੀ (ਹਵਾਲਗੀ) ਸੰਦੀਪ ਕੁਮਾਰ ਦਾ ਐਫੀਡੇਵਿਟ ਇਸ ਬਾਰੇ ਪੇਸ਼ ਕੀਤਾ ਗਿਆ ਹੈ। ਕੈਨੇਡਾ ਦੀ ਅਥਾਰਿਟੀ ਤੋਂ ਜਿਨ੍ਹਾਂ ਭਗੌੜਿਆਂ ਦੀ ਦੇਸ਼ ਵਾਪਸੀ ਲਈ ਮੰਗ ਕੀਤੀ ਗਈ, ਉਨ੍ਹਾਂ ਵਿੱਚ ਰਣਜੀਤ ਸਿੰਘ ਔਜਲਾ, ਗੁਰਸੇਵਕ ਸਿੰਘ ਢਿੱਲੋਂ, ਨਿਰੰਕਾਰ ਸਿੰਘ ਢਿੱਲੋਂ, ਸਰਬਜੀਤ ਸਿੰਘ ਸੰਧੇਰ, ਲਹਿਬਰ ਸਿੰਘ ਢਾਲੇ, ਅਮਰਜੀਤ ਸਿੰਘ ਕੂਨਰ, ਪ੍ਰਦੀਪ ਸਿੰਘ ਧਾਲੀਵਾਲ ਤੇ ਅਮਰਿੰਦਰ ਸਿੰਘ ਚੀਮਾ ਸ਼ਾਮਲ ਹਨ।

# ਧਰਮਾਣੀ ਗੰਭੀਰਪੁਰ ਲੋਅਰ ਸਕੂਲ ਵਿਚ ਮਨਾਇਆ ਸਾਲਾਨਾ ਸਮਾਗਮ

ਸ੍ਰੀ ਅਨੰਦਪੁਰ ਸਾਹਿਬ, 16 ਨਵੰਬਰ (ਪੋਸਟ ਬਿਊਰੋ)- ਆਪਣੀ ਵਧੀਆ ਕਾਰਗੁਜ਼ਾਰੀ , ਪ੍ਰਾਪਤੀਆਂ , ਵਿਸ਼ੇਸ਼ਤਾਵਾਂ , ਵੱਖ - ਵੱਖ ਵਿੱਦਿਅਕ ਗਤੀਵਿਧੀਆਂ , ਪਾਠ - ਸਹਾਇਕ ਕਿਰਿਆਵਾਂ , ਖੇਡਾਂ , ਪੜ੍ਹਾਈ ਅਤੇ ਨਤੀਜਿਆਂ ਕਰਕੇ ਵਧੀਆ ਕਾਰਗੁਜ਼ਾਰੀ ਦਿਖਾਉਣ ਪ੍ਰਤੀ ਸੁਰਖੀਆਂ ਵਿੱਚ ਰਹਿਣ ਵਾਲੇ ਅਤੇ ਇਲਾਕੇ ਦੇ ਮਸ਼ਹੂਰ ਸਕੂਲ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸਿੱਖਿਆ ਬਲਾਕ - ਸ੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ - ਰੂਪਨਗਰ ਵਿਖੇ ਸਕੂਲ ਦੇ ਸਮੂਹ ਵਿਦਿਆਰਥੀਆਂ , ਪਿੰਡ ਵਾਸੀਆਂ , ਸਕੂਲ ਮੈਨੇਜਮੈਂਟ ਕਮੇਟੀ , ਗ੍ਰਾਮ ਪੰਚ-ਾਇਤ , ਵਿਦਿਆਰਥੀਆਂ ਦੇ ਮਾਤਾ - ਪਿਤਾ ਅਤੇ ਸਕੂਲ ਦੇ ਸਮੂਹ ਸਟਾਫ ਦੇ ਸਹਿਯੋਗ ਨਾਲ ਸਕੂਲ ਵਿੱਚ ਬਹੁਤ ਹੀ ਖੁਸ਼ਨੁਮਾ ਮਾਹੌਲ 'ਚ ਅਤੇ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਵਿਦਿਆਰਥੀਆਂ ਦੀਆਂ ਵੱਖ - ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਜਿਵੇਂ ਕਿ ਸ਼ਬਦ , ਕੀਰਤਨ , ਭਾਸ਼ਣ , ਡਾਂਸ , ਗੀਤ , ਭੰਗੜਾ , ਕਵਿਤਾ ਉਚਾਰਣ ,



ਗਿੱਧਾ , ਫੈਂਸੀ ਡਰੈੱਸ ਮੁਕਾਬਲੇ ਆਦਿ - ਆਦਿ ਕਰਵਾ ਕੇ ਸਕੂਲ ਵਿੱਚ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਮਨਮੋਹਕ ਢੰਗ ਨਾਲ " ਸਾਲਾਨਾ ਸਮਾਗਮ " ਕਰਵ-ਾਇਆ ਗਿਆ ਅਤੇ ਵਿਦਿਆਰਥੀਆਂ ਨੂੰ ਪ੍ਰੋਤਸਾਹਿਤ ਕੀਤਾ ਗਿਆ। ਸਕੂਲ ਦੇ ਵਿਦਿਆਰਥੀਆਂ , ਹਾਜ਼ਰ ਪਤਵੰਤਿਆਂ ਅਤੇ ਬੱਚਿਆਂ ਦੇ ਮਾਤਾ - ਪਿਤਾ ਨੇ ਇਸ " ਸਾਲਾਨਾ ਸਮਾਗਮ " ਵਿੱਚ ਖੂਬ ਰੁਚੀ ਦਿਖਾਈ ਅਤੇ ਆਪਣੀ ਭਰਪੂਰ ਭਾਗੀਦਾਰੀ ਵੀ ਦਰਜ ਕਰਵਾਈ। ਇਸ ਮੌਕੇ ਸਟੇਟ ਐਵਾਰਡੀ ਅਧਿਆਪਕ ਸਤਿਕਾਰਯੋਗ ਸ੍ਰੀ ਪਰਮਜੀਤ ਕੁਮਾਰ ਜੀ ਨੇ ਹਾਜ਼ਰ ਲੋਕਾਂ ਅਤੇ ਵਿਦਿਆਰਥੀਆਂ ਨੂੰ ਵਾਤਾਵਰਣ , ਦੇਸ਼ ਭਗਤੀ ਆਦਿ ਸੰਬੰਧੀ ਵੀ ਵਿਸ਼ੇਸ਼ ਤੌਰ 'ਤੇ ਜਾਗਰੂਕ ਕੀਤਾ। " ਦੋ ਸ਼ਬਦ " ਬੋਲਣ ਮੌਕੇ ਅੰਤਰਰਾਸ਼ਟਰੀ ਉੱਘੇ ਲੇਖਕ ਮਾਸਟਰ ਸੰਜੀਵ ਧਰਮਾਣੀ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ - ਪਿਤਾ ਨੂੰ ਸਾਹਿਤ ਨਾਲ ਜੁੜਨ ਲਈ , ਵੱਧ ਤੋਂ ਵੱਧ ਪੁਸਤਕਾਂ ਪੜ੍ਹਨ ਅਤੇ ਪਾਠਕ੍ਰਮ ਸਹਾਇਕ ਗਤੀਵਿਧੀਆਂ ਵਿੱਚ ਭਾਗੀਦਾਰੀ ਕਰਦੇ ਤੇ ਕਰਵਾਉਂਦੇ ਰਹਿਣ ਲਈ ਵੀ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਮੁਖੀ ਸ਼੍ਰੀਮਤੀ ਅਮਨਪ੍ਰੀਤ ਕੌਰ ਜੀ ਨੇ ਆਪਣੇ ਸਮੂਹ ਸਟਾਫ , ਵਿਦਿਆਰਥੀਆਂ , ਵਿਦਿਆਰਥੀਆਂ ਦੇ ਮਾਤਾ - ਪਿਤਾ ਅਤੇ ਗ੍ਰਾਮ ਪੰਚਾਇਤ ਦਾ ਵੀ ਧੰਨਵਾਦ ਕੀਤਾ।ਇਸ ਮੌਕੇ ਸਕੂਲ ਮੁਖੀ ਸ਼੍ਰੀਮਤੀ ਅਮਨਪ੍ਰੀਤ ਕੌਰ ਜੀ , ਅਧਿਆਪਕ ਸਟੇਟ ਐਵਾਰਡੀ ਅਧਿਆਪਕ ਸ੍ਰੀ ਪਰਮਜੀਤ ਕੁਮਾਰ ਜੀ , ਅੰਤਰਰਾਸ਼ਟਰੀ ਉੱਘੇ ਲੇਖਕ ਮਾਸਟਰ ਸੰਜੀਵ ਧਰਮਾਣੀ ਜੀ ਸਕੂਲ ਦਾ ਸਮੂਹ ਸਟਾਫ , ਪਿੰਡ ਦੇ ਪਤਵੰਤੇ ਸੱਜਣ , ਵਿਦਿਆਰਥੀਆਂ ਦੇ ਮਾਤਾ - ਪਿਤਾ , ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਅਤੇ ਗ੍ਰਾਮ ਪੰਚਾਇਤ ਮੈਂਬਰ ਸਾਹਿਬਾਨ ਆਦਿ ਹਾਜ਼ਰ ਸਨ। ਗ੍ਰਾਮ ਵਾਸੀਆਂ ਨੇ ਅਤੇ ਵਿਦਿਆਰਥੀਆਂ ਦੇ ਮਾਤਾ - ਪਿਤਾ ਨੇ ਸਕੂਲ ਵਿੱਚ ਕਰਵਾਏ ਇਸ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ। ਸਕੂਲ ਦੇ ਸਮੂਹ ਸਟਾਫ਼ ਨੇ ਵੀ ਹਾਜ਼ਰ ਹੋਏ ਪਿੰਡ ਵਾਸੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ।ਇਸ ਤਰ੍ਹਾਂ ਸਭ ਦੇ ਦਿਲਾਂ 'ਤੇ ਅਮਿੱਟ ਯਾਦਾਂ ਛੱਡ ਗਿਆ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦਾ ਸਾਲਾਨਾ ਸਮਾਗਮ।

# ਅਮਰੀਕਾ ਵਿੱਚ ਭਾਰਤੀ ਵਿਦਿਆਰਥੀ ਇਸ ਵਾਰੀ 13 ਫੀਸਦੀ ਘੱਟ ਪੁੱਜੇ

ਨਵੀਂ ਦਿੱਲੀ, 16 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਕੋਰੋਨਾ ਵਾਇਰਸ ਦੇ ਕਹਿਰ ਕਾਰਨ ਉਥੇ ਪੜ੍ਹਨ ਲਈ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟ ਹੋ ਗਈ ਹੈ। 2020-21 ਦੇ ਸੈਸ਼ਨ ਵਿੱਚ ਪਿਛਲੇ ਸਾਲ ਦੇ ਮੁਕਾਬਲੇ 13 ਫੀਸਦੀ ਘੱਟ ਭਾਰਤੀ ਵਿਦਿਆਰਥੀ ਪੜ੍ਹਾਈ ਲਈ ਅਮਰੀਕਾ ਗਏ।

ਇਹ ਜਾਣਕਾਰੀ ਕੱਲ੍ਹ ਇੰਸਟੀਚਿਊਟ ਆਫ ਇੰਟਰਨੈਸ਼ਨਲ ਐਜੂਕੇਸ਼ਨ ਦੀ ਰਿਪੋਰਟ ਤੋਂ ਮਿਲੀ ਹੈ। ਅਮਰੀਕਾ ਦੇ ਅਧਿਕਾਰੀਆਂ ਨੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਆਈ ਗਿਰਾਵਟ ਲਈ ਕੋਵਿਡ ਮਹਾਮਾਰੀ ਨੂੰ ਕਾਰਨ ਮੰਨਿਆ ਹੈ। ਇਸ ਦੇ ਬਾਵਜੂਦ ਦੁਨੀਆ ਭਰ ਦੇ ਵਿਦਿਆਰਥੀਆਂ ਲਈ ਅਮਰੀਕਾ ਅੱਜ ਵੀ ਪੜ੍ਹਾਈ ਲਈ ਪਹਿਲੀ ਪਸੰਦ ਵਾਲਾ ਦੇਸ਼ਬਣਿਆ ਹੋਇਆ ਹੈ। ਅਮਰੀਕਾ ਵਿੱਚ ਪੜ੍ਹਦੇ ਵਿਦੇਸ਼ੀ ਵਿਦਿਆਰਥੀਆਂ ਵਿੱਚ ਭਾਰਤੀਆਂ ਦੀ ਗਿਣਤੀ ਦੂਜੇ ਨੰਬਰ ਉੱਤੇ ਹੈ, ਜੋ 20 ਫੀਸਦੀ ਹੈ। ਅਮਰੀਕਾ ਵਿੱਚ ਪੜ੍ਹਾਈ ਕਰਦੇ ਵਿਦੇਸ਼ੀ ਵਿਦਿਆਰਥੀਆਂ ਵਿੱਚ ਸਭ ਤੋਂ ਵੱਧ ਚੀਨੀ ਹਨ। ਓਪਨ ਡੋਰ ਸੰਸਥਾ ਦੀ 2021 ਦੀ ਰਿਪੋਰਟ ਵਿੱਚ ਇਹੋ ਦੱਸਿਆ ਗਿਆ ਹੈ।

ਨਵੀਂ ਦਿੱਲੀ ਵਿਚਲੇ ਅਮਰੀਕੀ ਦੂਤਘਰ ਦੇ ਸੀਨੀਅਰ ਅਧਿਕਾਰੀਆਂ ਨੇ ਕੱਲ੍ਹ ਵਿਦਿਆਰਥੀਆਂ ਦੀ ਗਿਣਤੀ ਨਾਲ ਸੰਸਥਾਵਾਂ ਦੀ ਇਹ ਰਿਪੋਰਟ ਮੀਡੀਆ ਨਾਲ ਸਾਂਝੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸਿਰਫ ਇਨ੍ਹਾਂ ਗਰਮੀਆਂ ਵਿੱਚ 62 ਹਜ਼ਾਰ ਤੋਂ ਵੱਧ ਲੋਕਾਂ ਲਈ ਸਟੂਡੈਂਟ ਵੀਜ਼ੇ ਜਾਰੀ ਕੀਤੇ ਗਏ। ਇਨ੍ਹਾਂ ਵੀਜ਼ਿਆਂ ਦੀ ਗਿਣਤੀ ਪਹਿਲੇ ਕਿਸੇ ਸਾਲ ਮੁਕਾਬਲੇ ਵਿੱਚ ਸਭ ਤੋਂ ਵੱਧ ਹੈ। ਜਾਰੀ ਵੀਜ਼ਿਆਂ ਦੇ ਮੁਕਾਬਲੇ ਵਿੱਚ ਘੱਟ ਵਿਦਿਆਰਥੀ ਭਾਰਤ ਤੋਂ ਅਮਰੀਕਾ ਗਏ। ਇਸ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਵਿਦਿਆਰਥੀ ਅਮਰੀਕਾ ਵਿੱਚ ਪੜ੍ਹਾਈ ਦੇ ਇਛੁੱਕ ਹਨ, ਪਰ ਕੋਵਿਡ ਮਹਾਮਾਰੀ ਦੇ ਕਹਿਰ ਕਾਰਨ ਅਮਰੀਕਾ ਜਾਣ ਵਿੱਚ ਝਿਜਕ ਰਹੇ ਹਨ। ਅਮਰੀਕੀ ਦੂਤਘਰ ਵਿੱਚ ਸਭਿਆਚਾਰਕ ਅਤੇ ਸਿੱਖਿਆ ਮਾਮਲੇ ਦੇ ਸਲਾਹਕਾਰ ਐਂਥਨੀ ਮਿਰਾਂਡਾ ਮੁਤਾਬਕ ਅਮਰੀਕਾ ਵਿੱਚ ਪੜ੍ਹਾਈ ਬਾਰੇ ਵਿਦਿਆਰਥੀਆਂ ਦਾ ਨਜ਼ਰੀਆ ਹਾਂ-ਪੱਖੀ ਹੈ। ਉਨ੍ਹਾਂ ਕਿਹਾ ਕਿ ਕੋਵਿਡ-19 ਮਹਾਮਾਰੀ ਦਾ ਅਸਰ ਪੂਰੀ ਦੁਨੀਆ ਵਿੱਚ ਪੜ੍ਹਾਈ ਅਤੇ ਵਿਦਿਆਰਥੀਆਂ ਦੀ ਆਵਾਜਾਈ ਉੱਤੇ ਪਿਆ ਹੈ। ਅਮਰੀਕਾ ਵੀ ਇਸ ਤੋਂ ਪ੍ਰਭਾਵਤ ਹੋਇਆ ਹੈ। ਇਸ ਕਾਰਨ ਦੁਨੀਆ ਦੇ ਦੇਸ਼ਾਂ ਵਿੱਚ ਪੜ੍ਹਾਈ ਲਈ ਅਮਰੀਕਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟ ਹੋਈ ਹੈ। ਮਿਰਾਂਡਾ ਮੁਤਾਬਕ 2020-21 ਵਿੱਚ ਅਮਰੀਕਾ ਜਾਂਦੇ ਕੁੱਲ ਭਾਰਤੀਆਂ ਦੀ ਗਿਣਤੀ ਵਿੱਚ ਜਿੱਥੇ 13 ਫੀਸਦੀ ਦੀ ਗਿਰਾਵਟ ਆਈ ਹੈ, ਉਥੇ ਅਮਰੀਕਾ ਪੁੱਜੇ ਕੁੱਲ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 15 ਫੀਸਦੀ ਘੱਟ ਹੋਈ ਹੈ।

# 10,500 ਫਰਮਾਂ ’ਚੋਂ 35 ਫੀਸਦੀ ਤੋਂ ਵੱਧ ਸਾਈਬਰ ਹਮਲਿਆਂ ਦੀਆਂ ਸ਼ਿਕਾਰ




ਨਵੀਂ ਦਿੱਲੀ, 16 ਨਵੰਬਰ (ਪੋਸਟ ਬਿਊਰੋ)- ਸਤੰਬਰ 2021 ਵਿੱਚ ਘੱਟੋ-ਘੱਟ 10,500 ਸੰਗਠਨਾਂ ਵਿੱਚੋਂ 35 ਫੀਸਦੀ ਤੋਂ ਵੱਧ ਨੂੰ ਸਾਈਬਰ ਹਮਲੇ ਦਾ ਨਿਸ਼ਾਨਾ ਬਣਾਇਆ ਗਿਆ ਹੈ। ਬੀਤੇ ਦਿਨ ਇੱਕ ਨਵੀਂ ਰਿਪੋਰਟ ਵਿੱਚ ਇਹ ਗੱਲ ਪਤਾ ਲੱਗੀ ਹੈ। ਟੋਹੀ ਹਮਲਿਆਂ ਵਜੋਂ ਜਾਣੇ ਜਾਂਦੇ ਇਹ ਸਾਈਬਰ ਹਮਲੇ ਖਤਰਿਆਂ ਦਾ ਇੱਕ ਵਰਗ ਹੈ, ਜਿੱਥੇ ਹਮਲਾਵਰ ਉਹ ਸੂਚਨਾਵਾਂ ਲੱਭਣ ਦੀ ਕੋਸ਼ਿਸ਼ ਕਰਦੇ ਹਨ, ਜਿਨ੍ਹਾਂ ਦੀ ਵਰਤੋਂ ਭਵਿੱਖ ਦੇ ਹਮਲਿਆਂ ਲਈ ਕੀਤੀ ਜਾ ਸਕਦੀ ਹੈ।

ਕਲਾਊਡ-ਸੂਖਮ ਸਕਿਓਰਟੀ ਸਲਿਊਸ਼ਨ ਪ੍ਰੋਵਾਈਡਰ ਬਾਰਕੁਡਾ ਨੈਟਵਰਕਸ ਦੀ ਰਿਪੋਰਟ ਅਨੁਸਾਰ ਉਹ ਆਮ ਤੌਰ ਉੱਤੇ ਬਹੁਤ ਘੱਟ ਜਾਂ ਖਾਲੀ ਸਮੱਗਰੀ ਵਾਲੇ ਈ-ਮੇਲ ਹੁੰਦੇ ਹਨ। ਇਹ ਟੀਚੇ ਜਾਂ ਪੀੜਤ ਦੇ ਈ-ਮੇਲ ਖਾਤੇ ਨੂੰ ਕਿਸੇ ਵੀ ਗੈਰ ਭਰੋਸੇਯੋਗ ਈ-ਮੇਲ ਪ੍ਰਾਪਤ ਕਰ ਕੇ ਨੋਟੀਫਾਈ ਕਰਨਾ ਹੈ ਜਾਂ ਪੀੜਤ ਨੂੰ ਉਸ ਗੱਲਬਾਤ ਵਿੱਚ ਸ਼ਾਮਲ ਕਰਨਾ ਹੈ, ਜੋ ਸੰਭਾਵਤ ਤੌਰ ਉੱਤੇ ਦੁਰਭਾਵਨਾ ਧਨ ਟਰਾਂਸਫਰ ਜਾਂ ਲੀਕ ਹੋਈ ਸਾਖ ਦਾ ਕਾਰਨ ਬਣੇ। ਬਾਰਾਕੁਡਾ ਨੈਟਵਰਕਸ ਦੇ ਭਾਰਤ ਦੇ ਕੰਟਰੀ ਮੈਨੇਜਰ ਮੁਰਲੀ ਉਰਸ ਨੇ ਕਿਹਾ, ਜਿਵੇਂ ਹਮਲਾਵਰ ਆਪਣੇ ਫਿਸ਼ਿੰਗ ਹਮਲੇ ਪ੍ਰਭਾਵਸ਼ਾਲੀ ਬਣਾਉਣ ਦਾ ਕੰਮ ਕਰਦੇ ਹਨ, ਉਨ੍ਹਾਂ ਨੇ ਸੰਭਾਵੀ ਪੀੜਤਾਂ ਦੀ ਜਾਣਕਾਰੀ ਇਕੱਠੀ ਕਰਨ ਲਈ ਖੋਜ ਕਰਨੀ ਸ਼ੁਰੂ ਕਰ ਦਿੱਤੀ ਹੈ, ਜਿਸ ਤੋਂ ਉਨ੍ਹਾਂ ਨੂੰ ਆਪਣੇ ਹਮਲਿਆਂ ਦੇ ਸਫਲ ਹੋਣ ਦੀ ਸੰਭਾਵਨਾ ਵਿੱਚ ਸੁਧਾਰ ਕਰਨ ਵਿੱਚ ਮਦਦ ਮਿਲੇਗੀ।




# ਤ੍ਰਿਪੁਰਾ ਪੁਲਸ ਵੱਲੋਂ ਦੋ ਮਹਿਲਾ ਪੱਤਰਕਾਰ ਗ੍ਰਿਫਤਾਰ



ਅਗਰਤਲਾ, 16 ਨਵੰਬਰ (ਪੋਸਟ ਬਿਊਰੋ)- ਤ੍ਰਿਪੁਰਾ ਦੀਆਂਪਿਛਲੇ ਦਿਨਾਂ ਦੀਆਂ ਫਿਰਕੂ ਘਟਨਾਵਾਂ ਬਾਰੇ ਲਿਖਣ ਕਾਰਨਅਸਾਮ ਪੁਲਸ ਵੱਲੋਂਰੋਕੀਆਂ ਦੋ ਮਹਿਲਾ ਪੱਤਰਕਾਰਾਂ ਨੂੰ ਕੱਲ੍ਹ ਤ੍ਰਿਪੁਰਾ ਪੁਲਸ ਨੇ ਗ੍ਰਿਫਤਾਰ ਕਰ ਲਿਆ।

ਵਰਨਣ ਯੋਗ ਹੈ ਕਿ ਐਤਵਾਰ ਵੀ ਐਚ ਪੀ (ਵਿਸ਼ਵ ਹਿੰਦੂ ਪ੍ਰੀਸ਼ਦ) ਦੇ ਇੱਕ ਸਮਰਥਕ ਵੱਲੋਂ ਕੀਤੀ ਸ਼ਿਕਾਇਤ ਉੱਤੇ ਐਚ ਡਬਲਯੂ ਨਿਊਜ਼ ਨੈਟਵਰਕ ਨਾਲ ਕੰਮ ਕਰਦੀਆਂ ਪੱਤਰਕਾਰਾਂ- ਸਮ੍ਰਿਧੀ ਸਕੂਨੀਆ ਤੇ ਸਵਰਨਾ ਝਾਅ ਦੇ ਨਾਂਅ ਫਾਤੀਕਰੋਏ ਥਾਣੇ ਵਿੱਚ ਦਰਜ ਕੇਸ ਵਿੱਚ ਸ਼ਾਮਲ ਕੀਤੇ ਗਏ ਹਨ। ਸਬੰਧਤ ਖਬਰ ਏਜੰਸੀ ਨੇ ਟਵੀਟ ਕੀਤਾ, ‘ਸਾਡੀਆਂ ਦੋ ਪੱਤਰਕਾਰਾਂ: ਸਮ੍ਰਿਧੀ ਸਕੂਨੀਆ ਤੇ ਸਵਰਨਾ ਝਾਅ ਨੂੰ ਤ੍ਰਿਪੁਰਾ ਪੁਲਸ ਨੇ ਟਰਾਂਸਿਟ ਰਿਮਾਂਡ ਲੈਣ ਪਿੱਛੋਂ ਕੱਲ੍ਹ ਲਗਭਗ 12.55 ਵਜੇ ਆਸਾਮ ਦੇ ਕਰੀਮਗੰਜ ਵਿੱਚ ਸ਼ੈਲਟਰ ਹੋਮਤੋਂ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਨੂੰ ਤ੍ਰਿਪੁਰਾ ਲਿਜਾਇਆ ਜਾ ਰਿਹਾ ਹੈ, ਜਿੱਥੇ ਉਨ੍ਹਾਂ ਨੂੰ ਉਦੈਪੁਰ ਦੀ ਮੈਜਿਸਟਰੇਟ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਸੀਨੀਅਰ ਐਡਵੋਕੇਟ ਪੀਜੂਸ਼ ਵਿਸ਼ਵਾਸ ਐਚ ਡਬਲਯੂ ਨਿਊਜ਼ ਨੈਟਵਰਕ ਵੱਲੋਂ ਨਿੱਜੀ ਤੌਰ ਉੱਤੇ ਪੇਸ਼ ਹੋਣਗੇ।

ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਐਤਵਾਰ ਨੂੰ ਕਿਹਾ ਸੀ ਕਿ ਪੱਤਰਕਾਰਾਂ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਪਾ ਕੇ ਕਿਹਾ ਸੀ ਕਿ ਗੋਮਤੀ ਜ਼ਿਲ੍ਹੇ ਵਿੱਚ ਇੱਕ ਮਸਜਿਦ ਨੂੰ ਅੱਗ ਲਾਈ ਗਈ ਤੇ ਕੁਰਾਨ ਸ਼ਰੀਫ ਨੂੰ ਨੁਕਸਾਨ ਪੁੱਜਾ। ਤ੍ਰਿਪੁਰਾ ਪੁਲਸ ਨੇ ਸ਼ੱਕ ਕੀਤਾ ਕਿ ਦੋਵਾਂ ਵੱਲੋਂ ਅਪਲੋਡ ਕੀਤੀਆਂ ਵੀਡੀਓਜ਼ ਨਾਲ ਛੇੜਛਾੜ ਹੋਈ ਸੀ। ਤ੍ਰਿਪੁਰਾ ਪੁਲਸ ਦੇ ਮੁਖੀ ਵੀ ਐਸ ਯਾਦਵ ਦੇ ਦਫਤਰ ਵੱਲੋਂ ਜਾਰੀ ਪ੍ਰੈਸ ਰਿਲੀਜ਼ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸਕੂਨੀਆ ਵੱਲੋਂ ਪਾਈਆਂ ਪੋਸਟਾਂ ਸੱਚੀਆਂ ਨਹੀਂ ਸਨ ਤੇ ਇਸ ਨਾਲ ਫਿਰਕਿਆਂ ਵਿੱਚ ਨਫਰਤ ਦੀ ਭਾਵਨਾ ਪੈਦਾ ਹੋਈ ਹੈ।

## ਬੰਗਲਾਦੇਸੀ ਜੱਜ ਬੋਲੀ,ਬਲਾਤਕਾਰ ਦੇ ਕੇਸ 72 ਘੰਟੇ ਬਾਅਦ ਦਰਜ ਨਾ ਕੀਤੇ ਜਾਣ

* ਸੁਪਰੀਮ ਕੋਰਟ ਨੇ ਨੌਕਰੀ ਤੋਂ ਲਾਂਭੇ ਕੀਤੀ



ਢਾਕਾ, 16 ਨਵੰਬਰ (ਪੋਸਟ ਬਿਊਰੋ)- ਢਾਕਾ ਦੇ 7ਵੇਂ ਮਹਿਲਾ ਅਤੇ ਬਾਲ ਸ਼ੋਸ਼ਣ ਰੋਕੂ ਟ੍ਰਿਬਿਊਨਲ ਦੀ ਮਹਿਲਾ ਜੱਜ ਬੇਗਮ ਮੋਸੰਮਤ ਕਮਰੂਨੱਹਰ ਨਾਹਰ ਨੇ 2017 ਦੇ ਬਲਾਤਕਾਰ ਦੇ ਇੱਕ ਮਾਮਲੇ ਵਿੱਚ 11 ਨਵੰਬਰ ਨੂੰ ਸੁਣਵਾਈ ਕਰਦੇ ਹੋਏ ਸੂਬਤਾਂ ਦੀ ਕਮੀ ਦਾ ਹਵਾਲਾ ਦੇ ਕੇ ਪੰਜਾਂ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਅਤੇ ਕਿਹਾ ਕਿ ਪੁਲਸ ਅਧਿਕਾਰੀ ਨੇ ਜਨਤਾ ਦਾ ਸਮਾਂ ਬਰਬਾਦ ਕੀਤਾ ਅਤੇ ਅਪਰਾਧ ਦੇ 72 ਘੰਟੇ ਬਾਅਦ ਬਲਾਤਕਾਰ ਦਾ ਕੋਈ ਕੇਸ ਦਰਜ ਨਹੀਂ ਕਰਨਾ ਚਾਹੀਦਾ। ਪੰਜਾਂ ਨੌਜਵਾਨਾਂ ਉੱਤੇ ਦੋ ਵਿਦਿਆਰਥਣਾਂ ਨਾਲ ਬਲਾਤਕ-ਾਰਕਰਨ ਦਾ ਦੋਸ਼ ਸੀ।

ਮਹਿਲਾ ਜੱਜ ਦੀ ਇਸ ਟਿੱਪਣੀ ਪਿੱਛੋਂ ਬੰਗਲਾਦੇਸ਼ ਦੀ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਅਦਾਲਤੀ ਕਾਰਜ ਤੋਂ ਮੁਕਤ ਕਰ ਦਿੱਤਾ। ਮਹਿਲਾ ਜੱਜ ਨੇ ਨਿਆਂਇਕ ਤਾਕਤਾਂ ਵਾਪਸ ਲੈਣ ਅਤੇ ਉਨ੍ਹਾਂ ਨੂੰ ਕਾਨੂੰਨ ਮੰਤਰਾਲੇ ਦੇ ਕਾਨੂੰਨ ਅਤੇ ਨਿਆਂ ਵਿਭਾਗ ਨਾਲ ਜੋੜਨ ਲਈ ਕਿਹਾ ਹੈ।

## ਇਮਰਾਨ ਸਰਕਾਰ ਨੂੰ ਝਟਕਾ: ਸਿੰਧ ਤੇ ਬਲੋਚਿਸਤਾਨ ਦੇ ਸੂਬੇ ਰਾਸ਼ਨ ਪ੍ਰੋਗਰਾਮ ਵਿੱਚ ਹਿੱਸਾ ਨਹੀਂ ਦੇਣਗੇ



ਇਸਲਾਮਾਬਾਦ, 16 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਇਮਰਾਨ ਸਰਕਾਰ ਨੂੰ ਝਟਕਾ ਦਿੰਦਿਆਂ ਸਿੰਧ ਅਤੇ ਬਲੋਚਿਸਤਾਨ ਰਾਜਾਂ ਨੇ ਛੇ ਮਹੀਨਿਆਂ ਲਈ ਸਰਕਾਰ ਦੇ ‘ਰੀਅਲਾਈਜ਼ ਰਾਸ਼ਨ ਪ੍ਰੋਗਰਾਮ’ ਵਿੱਚ ਆਪਣਾ 65 ਫੀਸਦੀ ਹਿੱਸਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਅਜਿਹੇ ਵਿੱਚ ਸੰਭਾਵਨਾ ਹੈ ਕਿ ਇੱਥੇ ਰਹਿਣ ਵਾਲੇ ਲੋਕਾਂ ਨੂੰ ਸਬਸਿਡੀ ਦਾ ਲਾਭ ਨਹੀਂ ਮਿਲੇਗਾ। ਗਰੀਬੀ ਮਿਟਾਉਣ ਬਾਰੇ ਪ੍ਰਧਾਨ ਮੰਤਰੀ ਦੀ ਵਿਸ਼ੇਸ਼ ਸਹਾਇਕ ਡਾ. ਸਾਨੀਆ ਨਿਸ਼ਤਰ ਨੇ ਕਿਹਾ ਕਿ ਸਿੰਧ ਅਤੇ ਬਲੋਚਿਸਤਾਨ ਦੇ ਇਨਕਾਰ ਕਾਰਨ ਇਨ੍ਹਾਂ ਦੋਵਾਂ ਰਾਜਾਂ ਦੇ ਲੋਕਾਂ ਨੂੰ ਕੁੱਲ 1000 ਰੁਪਏ ਦੀ ਸਬਸਿਡੀ ਦੇ ਮੁਕਾਬਲੇ ਸਿਰਫ਼ 350 ਰੁਪਏ ਦੀ ਸਬਸਿਡੀ ਮਿਲੇਗੀ।

ਅਹਿਸਾਸ ਰਾਸ਼ਨ ਸਬਸਿਡੀ ਪ੍ਰੋਗਰਾਮ ਅਨੁਸਾਰ ਯੂਟੀਲਿਟੀ ਸਟੋਰਾਂ, ਸੁਪਰ ਸਟੋਰਾਂ ਅਤੇ ਹੋਰ ਨਾਮਜ਼ਦ ਜਨਰਲ ਸਟੋਰਾਂ ਤੋਂ ਵਰਤੋਂ ਦੀਆਂ ਤਿੰਨ ਵਸਤਾਂ, ਦਾਲਾਂ, ਆਟਾ ਅਤੇ ਖਾਣ ਵਾਲਾ ਤੇਲ, ਘਿਓ ਰਜਿਸਟਰਡ ਵਿਅਕਤੀਆਂ ਨੂੰ ਸਬਸਿਡੀ ਦਰਾਂ ਉੱਤੇ ਦਿੱਤਾ ਜਾਵੇਗਾ।ਬਲੋਚਿਸਤਾਨ ਸਰਕਾਰ ਦਾ ਸਬਸਿਡੀ ਪ੍ਰੋਗਰਾਮ ਵਿੱਚ ਹਿੱਸਾ ਲੈਣ ਤੋਂ ਇਨਕਾਰ ਇਮਰਾਨ ਖਾਨ ਦੀ ਅਗਵਾਈ ਵਾਲੀ ਸਰਕਾਰ ਲਈ ਇੱਕ ਝਟਕਾ ਹੈ ਕਿਉਂਕਿ ਸੱਤਾਧਾਰੀ ਬਲੋਚਿਸਤਾਨ ਅਵਾਮੀ ਪਾਰਟੀ ਅਤੇ ਇਮਰਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਬਲੋਚਿਸਤਾਨ ਗਠਜੋੜ ਵਿੱਚ ਸਹਿਯੋਗੀ ਹਨ।

## ਦਿੱਲੀ ਦੰਗਿਆਂ ਨੂੰ ਕਿਸੇ ਰਾਜਸੀ ਪਾਰਟੀ ਦਾ ਕਾਰਾ ਦੱਸਣ ’ਤੇ ਵਕੀਲ ਨੂੰ ਝਾੜ ਪਈ



ਨਵੀਂ ਦਿੱਲੀ, 16 ਨਵੰਬਰ (ਪੋਸਟ ਬਿਊਰੋ)- ਇੱਥੋਂ ਦੀ ਇੱਕ ਅਦਾਲਤ ਨੇ ਸਾਲ 2020 ਵਿੱਚ ਹੋਏ ਦਿੱਲੀ ਦੰਗਿਆਂ ਨੂੰ ਕਿਸੇ ਰਾਜਨੀਤਕ ਪਾਰਟੀ ਦਾ ਕਾਰਾ ਦੱਸਣ ਅਤੇ ਸਿਰਫ ਮੁਸਲਿਮ ਭਾਈਚਾਰੇ ਦੇ ਲੋਕਾਂ ਉੱਤੇ ਕੇਸ ਦਰਜ ਕਰਨ ਸਬੰਧੀ ਇੱਕ ਵਕੀਲ ਦੀ ਦਲੀਲ ਉੱਤੇ ਨਾਰਾਜ਼ਗੀ ਜ਼ਾਹਰ ਕਰਦਿਆਂ ਉਸ ਦੀ ਝਾੜ-ਝੰਬ ਕੀਤੀ ਹੈ।

ਅਦਾਲਤ ਨੇ ਕਿਹਾ ਕਿ ਉਸ ਦੀਆਂ ਇਹ ਦਲੀਲਾਂ ਬਹੁਤ ਜ਼ਿਆਦਾ ਗੈਰ ਜ਼ਿੰਮੇਵਾਰਾਨਾ ਤੇ ਸਾਫ ਤੌਰ ਉੱਤੇ ਗਲਤ ਹਨ। ਐਡੀਸ਼ਨਲ ਸੈਸ਼ਨਜ਼ ਜੱਜ ਵੀਰੇਂਦਰ ਭੱਟ ਨੇ 11 ਨਵੰਬਰ ਨੂੰ ਦਿੱਤੇ ਹੁਕਮਾਂ ਵਿੱਚ ਕਿਹਾ ਕਿ ‘ਵਕੀਲ ਦੀਆਂ ਇਹ ਦਲੀਲਾਂ ਨਿਸ਼ਚਿਤ ਤੌਰ ਉੱਤੇ ਸਹੀ ਨਹੀਂ।’ਅਸਲ ਵਿੱਚ ਐਡਵੋਕੇਟ ਮਹਿਮੂਦ ਪਰਾਚਾ ਨੇ ਅਦਾਲਤ ਨੂੰ ਦੱਸਿਆ ਸੀ ਕਿ ਇਹ ਦੰਗੇ ਫਿਰਕੂ ਨਹੀਂ ਸਨ ਤਏ ਇਹ ਸੀ ਏ ਏ-ਐਨ ਆਰ ਸੀ ਦੇ ਖਿਲਾਫ ਸ਼ਾਂਤੀਪੂਰਨ ਢੰਗ ਨਾਲ ਚੱਲਦੇ ਮੁਜ਼ਾਹਰੇ ਨੂੰ ਲੀਹੋਂ ਲਾਹੁਣ ਲਈ ਕਿਸੇ ਖਾਸ ਰਾਜਨੀਤਕ ਪਾਰਟੀ ਨੇਰਾਜਸੀ ਹਿੱਤਾਂ ਖਾਤਰ ਕਰਵਾਏ ਸਨ। ਵਕੀਲ ਵੱਲੋਂ ਆਰਿਫ ਨਾਮੀ ਦੋਸ਼ੀ ਦੀ ਜ਼ਮਾਨਤ ਲਈ ਕੀਤੀ ਜਾ ਰਹੀ ਬਹਿਸ ਮੌਕੇ ਇਹ ਦਲੀਲ ਦਿੱਤੀ ਗਈ ਸੀ, ਜਿਸ ਉੱਤੇ ਅਲੋਕ ਤਿਵਾੜੀ ਨਾਂਅ ਦੇ ਵਿਅਕਤੀ ਦੇ ਕਤਲ ਦਾ ਦੋਸ਼ ਹੈ। ਵਕੀਲ ਦੀ ਦਲੀਲ ਉੱਤੇ ਅਦਾਲਤ ਨੇ ਅਸਹਿਮਤੀ ਪ੍ਰਗਟ ਕਰਦੇ ਹੋਏ ਕਿਹਾ ਕਿ ਵਕੀਲ ਕੋਲ ਆਪਣਾ ਇਸ ਦਾਅਵੇ ਦੇ ਪੱਖ ਵਿੱਚ ਕੋਈ ਠੋਸ ਸਬੂਤ ਨਹੀਂ ਹੈ।

## ਕ੍ਰਿਪਟੋਕਰੰਸੀ ਭਾਰਤ ਵਿੱਚ ਰੈਗੂਲੇਟ ਹੋਣ ਲੱਗੀ



ਨਵੀਂ ਦਿੱਲੀ, 16 ਨਵੰਬਰ (ਪੋਸਟ ਬਿਊਰੋ)- ਕ੍ਰਿਪਟੋਕਰੰਸੀ ਦੇ ਵਧਦੇ ਕਾਰੋਬਾਰ ਅਤੇ ਇਸ ਨਾਲ ਪੈਦਾ ਚੁਣੌਤੀਆਂ ਅਤੇ ਸੰਭਾਵਨਾਵਾਂਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਬੁਲਾਈ ਮੀਟਿੰਗ ਦੇ ਦੋ ਦਿਨਾਂ ਬਾਅਦ ਵਿੱਤ ਮੰਤਰਾਲੇ ਦੀ ਸਥਾਈ ਕਮੇਟੀ ਨੇ ਮਹੱਤਵਪੂਰਨ ਮੀਟਿੰਗ ਕੀਤੀ ਅਤੇ ਇਸ ਕਾਰੋਬਾਰ ਨੂੰ ਖੁੱਲ੍ਹ ਦੇਣ ਦਾ ਇਸ਼ਾਰਾ ਕੀਤਾ ਹੈ।

ਭਾਜਪਾ ਪਾਰਲੀਮੈਂਟ ਮੈਂਬਰ ਤੇ ਸਾਬਕਾ ਵਿੱਤ ਰਾਜ ਮੰਤਰੀ ਜੈਯੰਤ ਸਿਨਹਾ ਦੀ ਅਗਵਾਈ ਵਾਲੀ ਪਾਰਲੀਮੈਂਟਰੀ ਕਮੇਟੀ ਨੇ ਕ੍ਰਿਪਟੋਕਰੰਸੀ ਐਕਸਚੇਂਜ, ਕ੍ਰਿਪਟੋ ਅਤੇ ਬਲਾਕਚੇਨ ਚਲਾਉਣ ਵਾਲੀਆਂ ਕੰਪਨੀਆਂ ਤੇ ਅਦਾਰਿਆਂ, ਸਨਅਤੀ ਜਥੇਬੰਦੀਆਂ ਤੇ ਦੂਜੀਆਂ ਧਿਰਾਂ ਨਾਲ ਲੰਬੀਆਂ ਵਿਚਾਰਾਂ ਕੀਤੀਆਂ ਹਨ। ਇਸ ਕਮੇਟੀ ਦੀਆਂ ਸਿਫਾਰਸ਼ਾਂ ਦੀ ਜਾਣਕਾਰੀ ਤਾਂ ਇਸ ਦੀ ਰਿਪੋਰਟ ਪਾਰਲੀਮੈਂਟ ਵਿੱਚ ਪੇਸ਼ ਹੋਣ ਪਿੱਛੋਂ ਮਿਲੇਗੀ, ਪਰ ਮੋਟੇ ਤੌਰ ਉੱਤੇ ਸਾਰੀਆਂ ਧਿਰਾਂ ਮੰਨਦੀਆਂ ਹਨ ਕਿ ਕ੍ਰਿਪਟੋਕਰੰਸੀ ਨੂੰ ਕਾਨੂੰਨੀ ਰੈਗੂਲੇਸ਼ਨ ਦੇ ਘੇਰੇ ਵਿੱਚ ਲਿਆਉਣ ਦਾ ਸਮਾਂ ਆ ਗਿਆ ਹੈ ਤਾਂ ਜੋ ਇਸ ਖੇਤਰ ਦੀਆਂ ਸਭ ਬੇਨਿਯਮੀਆਂ ਦੂਰ ਕੀਤੀਆਂ ਜਾ ਸਕਣ। ਕ੍ਰਿਪਟੋਕਰੰਸੀ ਬਾਰੇ ਪਾਰਲੀਮੈਂਟਰੀ ਕਮੇਟੀ ਦੀ ਇਸ ਪਹਿਲੀ ਮੀਟਿੰਗ ਪਿੱਛੋਂ ਸਿਨਹਾ ਨੇ ਕਿਹਾ ਕਿ ਕ੍ਰਿਪਟੋਕਰੰਸੀ ਦਾ ਜਿੰਦਾਂ ਵਿਸਥਾਰ ਹੋ ਰਿਹਾ ਹੈ, ਉਸ ਨੂੰ ਦੇਖ ਕੇ ਕਮੇਟੀ ਮੈਂਬਰ ਇਸ ਬਾਰੇ ਸਭ ਕੁਝ ਜਾਨਣਾ ਚਾਹੁੰਦੇ ਸਨ ਕਿ ਇਹ ਕਾਰੋਬਾਰ ਕਿੰਦਾਂ ਚੱਲਦਹਾ ਹੈ ਤੇ ਇਸ ਦੇ ਸਾਹਮਣੇ ਕਿੰਦਾਂ ਦੀਆਂ ਸਮੱਸਿਆਵਾਂ ਹਨ। ਇਹ ਇੱਕ ਵੱਡਾ ਕਾਰੋਬਾਰ ਹੈ ਤੇ ਦੇਸ਼ ਵਿੱਚ ਇਸ ਦੇ ਕਈ ਐਕਸਚੇਂਜ ਬਣ ਗਏ ਹਨ। ਸਾਡੀ ਸੂਚਨਾ ਮੁਤਾਬਕ ਇਨ੍ਹਾਂ ਐਕਸਚੇਂਜਾਂ ਵਿੱਚ ਰਜਿਸਟਰਡ 15 ਕਰੋੜ ਨਿਵੇਸ਼ ਸੂਚੀਬੱਧ ਹਨ, ਜਿਨ੍ਹਾਂ ਦੀ ਕੇ ਵਾਈ ਸੀ ਯਾਨੀ ਪਛਾਣ ਯਕੀਨੀ ਕਰਨ ਦਾ ਕੰਮ ਹੋ ਚੁੱਕਾ ਹੈ। ਮੋਟੇ ਤੌਰ ਉੱਤੇ ਇਨ੍ਹਾਂ ਨਿਵੇਸ਼ਕਾਂ ਨੇ ਛੇ ਅਰਬ ਡਾਲਰ ਦਾ ਨਿਵੇਸ਼ ਕੀਤਾ ਹੋਇਆ ਹੈ।

# ਲਿਵਰਪੂਲ ਬੰਬ ਧਮਾਕਾ ਕੇਸ ਵਿੱਚ ਚਾਰ ਜਣੇ ਗ੍ਰਿਫ਼ਤਾਰ



ਲੰਡਨ, 16 ਨਵੰਬਰ (ਪੋਸਟ ਬਿਊਰੋ)- ਬਰਤਾਨੀਆਂ ਦੇ ਲਿਵਰਪੂਲ ਵਿੱਚ ਇੱਕ ਮਹਿਲਾ ਹਸਪਤਾਲ ਦੇ ਬਾਹਰ ਹੋਏ ਧਮਾਕੇ ਵਿੱਚ ਕੱਲ੍ਹ ਇੱਕ ਵਿਅਕਤੀ ਦੀ ਮੌਤ ਤੋਂ ਬਾਅਦ ਪੁਲਸ ਨੇ ਅੱਤਵਾਦ ਵਿਰੋਧੀ ਕਾਨੂੰਨ ਹੇਠ 20 ਤੋਂ 29 ਸਾਲ ਦੀ ਉਮਰ ਦੇ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਧਮਾਕਾ ਇੱਕ ਟੈਕਸੀ ਵਿੱਚ ਹੋਇਆ ਸੀ, ਜਿਸ ਵਿੱਚ ਇੱਕ ਯਾਤਰੀ ਦੀ ਮੌਕੇ ਉੱਤੇ ਮੌਤ ਹੋ ਗਈ। ਉਸ ਦੀ ਅਜੇ ਅਧਿਕਾਰਤ ਤੌਰ ਉੱਤੇ ਪਛਾਣ ਨਹੀਂ ਹੋ ਸਕੀ।

ਸਥਾਨਕ ਪੁਲਸ ਨੇ ਕਿਹਾ ਹੈ ਕਿ ਟੈਕਸੀ ਦੇ ਜ਼ਖ਼ਮੀ ਡਰਾਈਵਰ ਨੂੰ ਹਸਪਤਾਲ ਲਿਜਾਇਆ ਗਿਆ ਹੈ, ਜਿੱਥੇ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ ਅਤੇ ਉਸ ਦੀਆਂ ਸੱਟਾਂ ਜਾਨਲੇਵਾ ਨਹੀਂ ਹਨ। ਪੁਲਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਅੱਤਵਾਦ ਰੋਕੂ ਪੁਲਸ ਉਤਰੀ ਪੱਛਮੀ ਧਮਾਕੇ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ ਤੇ ਮਰਸੀਸਾਈਡ ਪੁਲਸ ਨਾਲ ਮਿਲ ਕੇ ਕੰਮ ਕਰ ਰਹੀ ਹੈ। ਪੁਲਸ ਦੇ ਬਿਆਨ ਅਨੁਸਾਰ ਅਸੀਂ ਸਮਝਿਆ ਹੈ ਕਿ ਘਟਨਾ ਵਿੱਚ ਸ਼ਾਮਲ ਕਾਰ ਇੱਕ ਟੈਕਸੀ ਹੈ ਜਿਸ ਨੂੰ ਧਮਾਕੇ ਤੋਂ ਕੁਝ ਸਮਾਂ ਪਹਿਲਾਂ ਹਸਪਤਾਲ ਦੇ ਬਾਹਰ ਰੋਕਿਆ ਸੀ।ਧਮਾਕੇ ਤੋਂ ਥੋੜ੍ਹੀ ਦੇਰ ਬਾਅਦ, ਹਥਿਆਰਬੰਦ ਪੁਲਸ ਨੇ ਉਤਰੀ ਪੱਛਮੀ ਇੰਗਲੈਂਡ ਦੇ ਲਿਵਰਪੂਲ ਵਿੱਚ ਸਟਕਲਿਫ ਸਟਰੀਟ ਉੱਤੇ ਕਈ ਘਰਾਂ ਵਿੱਚ ਛਾਪਾ ਮਾਰਿਆ, ਚਾਰ ਗ੍ਰਿਫ਼ਤਾਰੀਆਂ ਕੀਤੀਆਂ ਅਤੇ ਕੁਝ ਸ਼ੱਕੀ ਚੀਜ਼ਾਂ ਬਰਾਮਦ ਕੀਤੀਆਂ ਹਨ। ਪੀੜਤ ਟੈਕਸੀ ਡਰਾਈਵਰ ਨੂੰ ਹਸਪਤਾਲ ਵਿੱਚੋਂ ਛੁੱਟੀ ਦੇ ਦਿੱਤੀ ਗਈ ਹੈ, ਪਰ ਮ੍ਰਿਤਕਾ ਦੀ ਪਹਿਚਾਣ ਅਜੇ ਤਕ ਜਨਤਕ ਨਹੀਂ ਹੋਈ।








CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ



8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866



26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS·JAFINE

# HELP WANTED
## ਕਾਮਿਆਂ ਦੀ ਲੋੜ
### ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department



## ਤੰਦੂਰੀ ਸ਼ੈੱਫ ਦੀ ਲੋੜ

"ਫਿਊਜ਼ਨ ਬੂਥ", 1900 ਆਕਸਫੋਰਡ ਸਟਰੀਟ, ਲੰਡਨ, ਓਨਟਾਰੀਓ ਵਿਖੇ ਫੁਲ ਟਾਈਮ ਲਈ ਤੰਦੂਰੀ ਸ਼ੈੱਫ ਦੀ ਲੋੜ ਹੈ, ਜੋ ਭਾਰਤੀ ਸਟਾਇਲ ਦੇ ਓਵਨ 'ਚ ਬਰੈਂਡ ਅਤੇ ਮੀਟ ਤਿਆਰ ਕਰਨ ਦੇ ਯੋਗ ਹੋਵੇ। ਘੱਟ ਤੋਂ ਘੱਟ 6 ਮਹੀਨੇ ਦਾ ਤਜਰਬਾ ਹੋਣਾ ਲਾਜ਼ਮੀ ਹੈ, 1 ਸਾਲ ਦੇ ਤਜਰਬੇ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ। ਤਨਖਾਹ ਤਜ਼ਰਬੇ ਦੇ ਹਿਸਾਬ ਨਾਲ ਹੋਵੇਗੀ।

**ਸੰਪਰਕ: 647-638-6347**



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202





# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202



Check our Free E-paper at:
www.canadianpunjabipost.ca

ਕਾਲ ਕਰੋ: 905-793-2202

ਪੰਜਾਬੀ ਪੋਸਟ





KULWINDERCHHINA
BROKER
647.293.2327



STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜ਼ਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

ਟਾਂਕ ਕਸ਼ੱਤਰੀ ਲੜਕਾਂ, ਉਮਰ 25 ਸਾਲ, ਕੈਨੇਡਾ ਪੀ.ਆਰ., ਕੱਦ 5.8 ਇੰਚ, ਲਈ ਡਿਗਰੀ ਕਰਨ ਆਈ ਕੈਨੇਡਾ ਵਿੱਚ ਕੱਚੇ ਜਾ ਪੱਕੇ ਤੌਰ 'ਤੇ ਰਹਿ ਰਹੀ ਲੜਕੀ ਦੀ ਲੋੜ। +1-204-557-6726 (ਕੈਨੇਡਾ) +91-99142-07712 Email: hrpreet.ca@gmail.com

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਰਵੀਦਾਸੀਆ/ਰਾਮਦਾਸੀਆ ਸਿੱਖ ਲੜਕਾ, ਉਮਰ 27 ਸਾਲ, ਕੱਦ 5 ਫੁੱਟ 11 ਇੰਚ, ਕੈਨੀਡੀਅਨ ਸਿਟੀਜ਼ਨ, ਕੈਨੇਡਾ ਵਿਚ ਸਰਕਾਰੀ ਨੌਕਰੀ ਕਰ ਰਹੇ ਲੜਕੇ ਲਈ ਯੋਗ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕਾ 21 ਸਾਲ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ ਅਤੇ ਪਿੱਛੋਂ ਪਰਿਵਾਰ ਲੁਧਿਆਣੇ ਤੋਂ ਹੈ। ਸੰਪਰਕ: 905-996-0127, 416-728-9390


(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca


## ਲੜਕੀ ਦੀ ਲੋੜ

Jatt Sikh boy truck driver, 5'11, born in 1992. Clean shave , vegetarian, Permanent Resident, 1.5 acres property in India. 2 residential properties in Brampton. Living in Brampton, well settled. Looking for a suitable match. Only serious inquiries. Contact-+1-416-991-9192

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661


## ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

## ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :
**705-443-2556**



A/Z CITY DRIVER WANTED
INNOVATION Transportation
∘A/Z City Drivers Needed
∘Good Pay and good Mileage
∘Day, Afternoon & Weekend Shifts
∘Weekly Pay
$22 /Hour
∘7 Days Work ∘All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton


## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


Check our Free E-paper at:
www.canadianpunjabipost.ca

ਕਾਲ ਕਰੋ: 905-793-2202

ਪੰਜਾਬੀ ਪੋਸਟ



A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

# ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ ਹੁਣ ਗੋਮਾ ਸੰਧੂ ਕਰਨਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਨਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST

- -Credit Card Debts
- -Personal Loans
- -Pay Day Loans
- -Student Loans

- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Call For a Quick & Free Home Evaluation
www.BramptonQuickHomeEvaluation.com

Top 1% Broker

# JAG AUJLA
REAL ESTATE BROKER

DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਉ ਘਰ ਸੈਲ ਲਈ ਉਪਲਬੱਧ ਹੈ । ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ । ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ ।

BRAMPTON



$1,999,905 ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਉਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ।

BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON




$749,905

William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017